ਸ਼ੁੱਕਰਵਾਰ, 29 ਮਈ, 2026
15 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 358

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • FRIDAY, 29 MAY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਭਾਜਪਾ ਨੇ ਹੁਣ ਸਾਬਕਾ ਕਾਂਗਰਸੀ ਸਿੱਖ ਪੰਜਾਬ ਪ੍ਰਧਾਨ ਬਣਾਇਆ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਭਾਜਪਾ ਵਿੱਚ ਵੱਡਾ ਸੰਗਠਨਾਤਮਿਕ ਬਦਲਾਅ ਕਰਦਿਆਂ ਪਾਰਟੀ ਹਾਈਕਮਾਂਡ ਨੇ ਬਰਨਾਲਾ ਦੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਰੁਣ ਸਿੰਘ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ, ਇਹ ਨਿਯੁਕਤੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੀ ਸਹਿਮਤੀ ਨਾਲ ਕੀਤੀ ਗਈ ਹੈ ਅਤੇ ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ।



ਕੇਵਲ ਸਿੰਘ ਢਿੱਲੋਂ, ਜੋ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਹਨ, ਪਿਛਲੇ ਲੰਬੇ ਸਮੇਂ ਤੋਂ ਪਾਰਟੀ ਵਿੱਚ ਸਰਗਰਮ ਸਨ। ਭਾਜਪਾ ਹਾਈਕਮਾਂਡ ਵੱਲੋਂ ਪੰਜਾਬ ਵਿੱਚ ਇੱਕ ਸਿੱਖ ਚਿਹਰੇ ਨੂੰ ਅੱਗੇ ਲਿਆਉਣ ਦੀ ਰਣਨੀਤੀ ਤਹਿਤ ਇਹ ਫੈਸਲਾ ਲਿਆ ਗਿਆ ਹੈ, ਕਿਉਂਕਿ ਤਰੁਣ ਚੁੱਘ, ਮੰਤਰੀ ਸ੍ਰੀਨਿਵਾਸਲੂ ਅਤੇ ਹਰਿਆਨਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਰਗੇ ਆਗੂ ਲੰਬੇ ਸਮੇਂ ਤੋਂ ਸੂਬਾ ਇਕਾਈ ਦੀ ਅਗਵਾਈ ਲਈ ਇੱਕ ਸਿੱਖ ਚਿਹਰੇ ਦੀ ਵਕਾਲਤ ਕਰ ਰਹੇ ਸਨ। 75 ਸਾਲਾ ਕੇਵਲ ਸਿੰਘ ਢਿੱਲੋਂ, ਜੋ ਕਿ ਜੂਨ 2022 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ, 2007 ਤੋਂ 2017 ਤੱਕ ਬਰਨਾਲਾ ਦੇ ਵਿਧਾਇਕ ਰਹਿ ਚੁੱਕੇ ਹਨ। ਉਹ ਇੱਕ ਸਫਲ ਕਾਰੋਬਾਰੀ ਵਜੋਂ ਵੀ ਜਾਣੇ ਜਾਂਦੇ ਹਨ। ਪਾਰਟੀ ਹੁਣ ਉਨ੍ਹਾਂ ਦੇ ਸੰਗਠਨਾਤਮਿਕ ਤਜਰਬੇ 'ਤੇ ਭਰੋਸਾ ਕਰ ਰਹੀ ਹੈ ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਕਾਡਰ ਨੈੱਟਵਰਕ ਨੂੰ ਮਜ਼ਬੂਤ ਕੀਤਾ ਜਾ ਸਕੇ।

### ਮੈਂ ਕੋਈ ਸਿਫਾਰਸ਼ ਨਹੀਂ ਸੀ ਕੀਤੀ : ਕੈਪਟਨ

–ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਦੇ ਫੈਸਲੇ ਤੋਂ ਖ਼ੁਦ ਨੂੰ ਵੱਖ ਕਰ ਲਿਆ ਹੈ। ਉਨ੍ਹਾ ਸਾਫ਼ ਕਿਹਾ ਹੈ ਕਿ ਪਾਰਟੀ ਹਾਈਕਮਾਂਡ ਵੱਲੋਂ ਲਏ ਗਏ ਇਸ ਫੈਸਲੇ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਕੈਪਟਨ ਨੇ ਕਿਹਾ, 'ਮੈਂ ਕਿਸੇ ਨੂੰ ਵੀ ਉਨ੍ਹਾਂ ਦੇ ਨਾਂਅ ਦੀ ਸਿਫ਼ਾਰਸ਼ ਨਹੀਂ ਕੀਤੀ ਸੀ। ਮੈਂ ਤਾਂ ਕਿਸੇ ਅਜਿਹੇ ਵਿਅਕਤੀ ਦੀ ਸਿਫ਼ਾਰਸ਼ ਕਰਨਾ ਪਸੰਦ ਕਰਾਂਗਾ, ਜੋ ਪਾਰਟੀ ਨੂੰ ਅੱਗੇ ਲੈ ਕੇ ਜਾ ਸਕੇ। ਇਹ ਕੋਈ ਮਾਲਵਾ, ਮਾਝਾ ਜਾਂ ਦੋਆਬਾ ਦਾ ਮੁੱਦਾ ਨਹੀਂ ਹੈ, ਮੈਂ ਜੇਕਰ ਇਸ ਪਾਰਟੀ ਵਿੱਚ ਸ਼ਾਮਲ ਹੋਇਆ ਹਾਂ, ਤਾਂ ਮੈਂ ਇਸ ਦੀ ਬਿਹਤਰੀ ਲਈ ਕੰਮ ਕਰਾਂਗਾ।' ਉਨ੍ਹਾਂ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ਵੀ ਖਾਰਜ ਕਰ ਦਿੱਤਾ, ਜਿਨ੍ਹਾਂ ਵਿੱਚ ਢਿੱਲੋਂ ਨੂੰ ਉਨ੍ਹਾਂ ਦਾ ਖਾਸ ਬੰਦਾ ਦੱਸਿਆ ਜਾ ਰਿਹਾ ਸੀ। ਕੈਪਟਨ ਨੇ ਕਿਹਾ ਕਿ ਸਤੰਬਰ 2021 ਵਿੱਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਕੇਵਲ ਢਿੱਲੋਂ ਉਨ੍ਹਾਂ ਨੂੰ ਕਦੇ ਨਹੀਂ ਮਿਲੇ ਅਤੇ ਉਹ ਆਪਣੇ ਪੱਧਰ 'ਤੇ ਹੀ ਕੰਮ ਕਰ ਰਹੇ ਹਨ।

### ਢਿੱਲੋਂ ਜੀ ਨੂੰ ਮੁਬਾਰਕਾਂ, ਜਾਖੜ ਜੀ ਨਾਲ ਦਿਲੋਂ ਹਮਦਰਦੀ : ਮਾਨ

–ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ 2017, 2019 ਅਤੇ 2024 ਵਿੱਚ ਬਰਨਾਲਾ ਦੇ ਲੋਕਾਂ ਵੱਲੋਂ ਹਰਾਏ ਹੋਏ ਕਾਂਗਰਸ ਦੇ ਭਾਜਪਾਈ ਨੇਤਾ ਕੇਵਲ ਢਿੱਲੋਂ ਜੀ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਨ 'ਤੇ ਮੁਬਾਰਕਾਂ, ਸੁਨੀਲ ਜਾਖੜ ਜੀ ਨਾਲ ਦਿਲੋਂ ਹਮਦਰਦੀ, ਪ੍ਰਮਾਤਮਾ ਰਵਨੀਤ ਬਿੱਟੂ, ਮਨਪ੍ਰੀਤ ਬਾਦਲ, ਫ਼ਤਿਹਜੰਗ ਬਾਜਵਾ, ਤਰੁਣ ਚੁੱਘ ਅਤੇ ਅਸ਼ਵਨੀ ਸ਼ਰਮਾ ਵਗੈਰਾ ਨੂੰ ਇਹ ਜਿੱਲਤ ਝੱਲਣ ਦਾ ਬਲ ਬਖਸ਼ੇ...।

ਸੀਨੀਅਰ ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਸੁਨੀਲ ਜਾਖੜ 'ਤੇ ਟਾਂਚ ਕਰਦਿਆਂ ਕਿਹਾ : ਜਦੋਂ ਤੁਸੀਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸੀ ਤਾਂ ਕਿਹਾ ਸੀ ਕਿ ਕਾਂਗਰਸ ਨੇ 'ਹਿੰਦੂ ਚਿਹਰਾ' ਹੋਣ ਕਰਕੇ ਉਨ੍ਹਾ ਨੂੰ ਪੰਜਾਬ ਦਾ ਮੁੱਖ ਮੰਤਰੀ ਨਹੀਂ ਬਣਾਇਆ, ਪਰ ਜਦੋਂ ਭਾਜਪਾ ਨੇ ਉਨ੍ਹਾ ਦਾ ਪ੍ਰਧਾਨਗੀ ਦਾ ਕਾਰਜਕਾਲ ਵੀ ਪੂਰਾ ਨਹੀਂ ਹੋਣ ਦਿੱਤਾ ਅਤੇ ਅੱਧ-ਵਿਚਾਲੇ ਹੀ ਕਮਾਨ ਬਦਲ ਦਿੱਤੀ ਤਾਂ ਹੁਣ ਕੀ ਇਹ ਸਮਝੀਏ ਕਿ ਭਾਜਪਾ ਵੀ 'ਹਿੰਦੂ ਵਿਰੋਧੀ' ਹੋ ਗਈ? ਤੁਹਾਡਾ ਮਕਸਦ ਸਿਰਫ ਤੇ ਸਿਰਫ ਕਾਂਗਰਸ ਪਾਰਟੀ ਨੂੰ ਬਦਨਾਮ ਕਰਕੇ ਆਪਣੀ ਰਾਜਨੀਤੀ ਚਮਕਾਉਣ ਦਾ ਸੀ। ਦੇਖਿਓ ਹੁਣ ਕਿਤੇ ਭਾਜਪਾ ਨੂੰ 'ਹਿੰਦੂ ਵਿਰੋਧੀ' ਦਾ ਟੈਗ ਲਗਾ ਕੇ ਛੱਡ ਨਾ ਦਿਓ।

## ਮੋਦੀ ਸਰਕਾਰ ਲੋਕਾਂ 'ਤੇ ਭਾਰੀ ਬੋਝ ਲੱਦ ਰਹੀ : ਧਾਲੀਵਾਲ

### ਘੱਟੋ-ਘੱਟ ਉਜਰਤ 30 ਹਜ਼ਾਰ ਕੀਤੀ ਜਾਵੇ : ਆਸਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਵਿਖੇ ਪੰਜਾਬ ਦੇ ਮਸਲਿਆਂ ਅਤੇ ਵਧ ਰਹੀ ਮਹਿੰਗਾਈ ਖਿਲਾਫ ਬੁੱਧਵਾਰ ਵਿਸ਼ਾਲ ਕਨਵੈਨਸ਼ਨ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਕੌਮਾਂਤਰੀ ਕਨੂੰਨ ਰਿਪੇਰੀਅਨ ਸਿਧਾਂਤ ਅਨੁਸਾਰ ਵੰਡ ਨਾ ਕਰਕੇ, ਪੰਜਾਬ ਪੁਨਰਗਠਨ ਦੀ ਧਾਰਾ 68, 69 ਅਤੇ 70 ਦੀ ਦੁਰਵਰਤੋਂ ਕਰਕੇ ਪੰਜਾਬ ਨਾਲ ਧੱਕਾ ਕਰ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅੰਦਰ ਪੰਜਾਬ ਦੀ ਮੈਂਬਰੀ ਖਤਮ ਕਰਨ, ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਪਰੋਂ ਪੰਜਾਬ ਦੇ ਅਧਿਕਾਰ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਦੀ ਜ਼ੋਰਦਾਰ ਨਿਖੇਧੀ ਕੀਤੀ।ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਇੱਕ ਹਫਤੇ ਵਿੱਚ ਡੀਜ਼ਲ, ਪੈਟਰੋਲ, ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਲੋਕਾਂ ਉਪਰ ਭਾਰੀ ਬੋਝ ਲੱਦ ਦਿੱਤਾ ਹੈ, ਜਿਸ ਨਾਲ ਲਾਗਤ ਕੀਮਤਾਂ ਵਿੱਚ ਵਾਧਾ ਹੋਣ ਕਰਕੇ ਜਿਥੇ ਆਮ ਵਰਤੋਂ ਦੀਆਂ ਕੀਮਤਾਂ ਵਧ ਰਹੀਆਂ ਹਨ, ਉਥੇ ਖੇਤੀ ਲਾਗਤ ਕੀਮਤਾਂ ਅਤੇ ਖਾਦਾਂ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਕਾਲਾ ਬਜ਼ਾਰੀ ਹੋਣ ਕਰਕੇ ਕਿਸਾਨੀ ਲਈ ਖੇਤੀ ਕਰਨਾ ਘਾਟੇ ਦਾ ਧੰਦਾ ਬਣਦਾ ਜਾ ਰਿਹਾ ਹੈ, ਜਿਸ ਨਾਲ ਕਿਸਾਨੀ ਕਰਜ਼ੇ ਦੇ ਜਾਲ ਵਿੱਚ ਫਸਦੀ ਜਾ ਰਹੀ ਹੈ।ਉੱਘੇ ਟਰੇਡ ਯੂਨੀਅਨ ਆਗੂ ਅਮਰਜੀਤ ਸਿੰਘ ਆਸਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਟਰੇਡ ਯੂਨੀਅਨ ਕਨੂੰਨ ਖਤਮ ਕਰਕੇ ਚਾਰ ਲੇਬਰ ਕੋਡ ਲਾਗੂ ਕਰਕੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਲੜਨ ਅਤੇ ਟਰੇਡ ਯੂਨੀਅਨ ਬਣਾਉਣ 'ਤੇ ਰੋਕ ਲਾ ਦਿੱਤੀ ਹੈ। ਇਸ ਤੋਂ ਇਲਾਵਾ ਉਹਨਾ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ 30,000 ਰੁਪਏ ਦੇਣ ਦੀ ਮੰਗ ਕੀਤੀ ਅਤੇ ਕੱਚੇ ਕਾਮੇ ਪੱਕੇ ਕਰਨ ਦੀ ਮੰਗ ਕੀਤੀ।



ਕਨਵੈਨਸ਼ਨ ਨੂੰ ਦਸਵਿੰਦਰ ਕੌਰ, ਲਖਬੀਰ ਸਿੰਘ ਨਿਜ਼ਾਮਪੁਰ, ਨਰਿੰਦਰ ਬੱਲ, ਬਲਦੇਵ ਸਿੰਘ ਵੇਰਕਾ, ਕੁਲਵੰਤ ਰਾਏ ਬਾਵਾ ਤੋਂ ਇਲਾਵਾ ਵਿਰਸਾ ਵਿਹਾਰ ਸੁਸਾਇਟੀ ਦੇ ਆਗੂ ਰਮੇਸ਼ ਯਾਦਵ, ਪ੍ਰਗਤੀਸ਼ੀਲ ਲੇਖਕ ਸੰਘ ਦੇ ਆਗੂ ਭੁਪਿੰਦਰ ਸਿੰਘ ਸੰਧੂ ਨੇ ਸੰਬੋਧਨ ਕੀਤਾ। ਕਨਵੈਨਸ਼ਨ ਨੇ ਮਤਾ ਪਾਸ ਕਰਕੇ ਜਗਤਾਰ ਸਿੰਘ ਮਹਿਲਾਂਵਾਲਾ ਦੇ ਪੁੱਤਰ 'ਤੇ ਕੀਤੇ ਗਏ ਕਾਤਲਾਨਾ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਪੜ੍ਹਨ 'ਤੇ ਲਗਾਈ ਗਈ ਪਾਬੰਦੀ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਇਸ ਮੌਕੇ ਵਿਜੈ ਕਪੂਰ ਛੇਹਰਟਾ, ਮੰਗਲ ਸਿੰਘ ਖਜਾਲਾ, ਸ਼ਮਸ਼ੇਰ ਨਾਥ, ਅਜਮਤ ਅਟਾਰੀ, ਸੁਖਦੇਵ ਸਿੰਘ ਜਗਦੇਵ ਕਲਾਂ, ਪਲਵਿੰਦਰ ਬੱਲ, ਕੁਲਵੰਤ ਸਿੰਘ, ਰਜੇਸ਼ ਹਾਂਡਾ, ਅਜ਼ਾਦ ਸਿੰਘ ਮਹਿਤਾ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ। ਸੀ ਪੀ ਆਈ ਪੰਜਾਬ ਦੇ ਨਵੇਂ ਸਕੱਤਰ ਬਣਨ ਤੋਂ ਬਾਅਦ ਅੰਮ੍ਰਿਤਸਰ ਪੁੱਜੇ ਕਾਮਰੇਡ ਧਾਲੀਵਾਲ ਦਾ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਵਿਸ਼ੇਸ਼ ਸਨਮਾਨ ਕੀਤਾ।

## ਲੋਕ ਪੰਜਾਬ ਦੇ ਦੁਸ਼ਮਣਾਂ ਨੂੰ ਪਛਾਣਨ : ਭਗਵੰਤ ਮਾਨ

**ਸੀਚੇਵਾਲ (ਨਵਾਂ ਜ਼ਮਾਨਾ ਸਰਵਿਸ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਸੰਤ ਬਾਬਾ ਅਵਤਾਰ ਸਿੰਘ ਦੀ 38ਵੀਂ ਸਾਲਾਨਾ ਬਰਸੀ ਸੰਬੰਧੀ ਕਰਵਾਏ ਸਮਾਗਮ ਦੌਰਾਨ ਪਿੰਡ ਸੀਚੇਵਾਲ ਵਿਖੇ ਮੱਥਾ ਟੇਕਿਆ। ਇਸ ਮੌਕੇ ਇਕ ਪ੍ਰਗਤੀਸ਼ੀਲ ਅਤੇ ਸਵੈ-ਨਿਰਭਰ ਪੰਜਾਬ ਦਾ ਸੁਪਨਾ ਦੇਖਦਿਆਂ ਭਗਵੰਤ ਸਿੰਘ ਮਾਨ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਤ ਅਵਤਾਰ ਸਿੰਘ ਮੈਮੋਰੀਅਲ ਹਾਕੀ ਸਟੇਡੀਅਮ ਵਿਖੇ ਇੱਕ ਨਵੇਂ ਐਸਟ੍ਰੋਟਰਫ ਦਾ ਉਦਘਾਟਨ ਕੀਤਾ।ਆਮ ਆਦਮੀ ਪਾਰਟੀ ਸਰਕਾਰ ਵੱਲੋਂ ਖੇਡ ਬੁਨਿਆਦੀ ਢਾਂਚੇ, ਸਿੰਚਾਈ, ਭੂਮੀਗਤ ਪਾਣੀ ਰੀਚਾਰਜ ਅਤੇ ਲੋਕ ਭਲਾਈ ਸੰਬੰਧੀ ਕੀਤੇ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਰਕਾਰ ਨੇ ਖੇਤਾਂ ਤੱਕ 21,000 ਕਿਊਸਿਕ ਪਾਣੀ ਪਹੁੰਚਾਇਆ ਹੈ, ਜੋ ਦੋ ਭਾਖੜਾ ਨਹਿਰਾਂ ਦੇ ਬਰਾਬਰ ਹੈ।




ਉਨ੍ਹਾ ਕਿਹਾ, 'ਇਹ ਸਹੀ ਸਮਾਂ ਹੈ ਕਿ ਪੰਜਾਬੀ ਇਕਜੁੱਟ ਹੋ ਕੇ ਫੁੱਟ ਪਾਊ ਤਾਕਤਾਂ ਨੂੰ ਢੁਕਵਾਂ ਜਵਾਬ ਦੇਣ, ਜੋ ਸੂਬੇ ਦੀ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਢਾਹ ਲਾਉਣਾ ਚਾਹੁੰਦੀਆਂ ਹਨ। ਜੋ ਲੋਕ ਭਾਈਚਾਰਕ ਸਦਭਾਵਨਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਪੰਜਾਬ ਦੇ ਦੁਸ਼ਮਣ ਹਨ, ਕਿਉਂਕਿ ਉਹ ਸੂਬੇ ਨੂੰ ਮੁੜ ਹਨੇਰੇ ਵਿੱਚ ਧੱਕਣਾ ਚਾਹੁੰਦੇ ਹਨ। ਇਹ ਤਾਕਤਾਂ ਫਿਰਕੂ ਝਗੜਾ ਪੈਦਾ ਕਰਕੇ ਸੱਤਾ ਹਾਸਲ ਕਰਨਾ ਚਾਹੁੰਦੀਆਂ ਹਨ, ਪਰ ਉਹਨਾਂ ਦੀਆਂ ਸੌੜੀਆਂ ਚਾਲਾਂ ਸਫਲ ਨਹੀਂ ਹੋਣਗੀਆਂ, ਕਿਉਂਕਿ ਪੰਜਾਬ ਦੇ ਲੋਕ ਹਰ ਮੌਕੇ ਇਕਜੁੱਟ ਹੋ ਕੇ ਰਹਿੰਦੇ ਹਨ।'

ਲੋਕਾਂ ਨੂੰ ਇਕਜੁੱਟ ਰਹਿਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਕੁਝ ਸਿਆਸੀ ਪਾਰਟੀਆਂ ਧਰਮ ਦੇ ਨਾਂਅ 'ਤੇ ਲੋਕਾਂ ਵਿੱਚ ਫਿੱਕ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਦੀ ਰਾਜਨੀਤੀ ਭਾਈਚਾਰਿਆਂ ਵਿੱਚ ਵੰਡੀਆਂ ਪਾਉਣ ਅਤੇ ਫਿਰ ਵੋਟਾਂ ਲਈ ਦੋਵਾਂ ਧਿਰਾਂ ਨੂੰ ਡਰਾਉਣ 'ਤੇ ਕੇਂਦਰਤ ਹੈ। ਲੋਕਾਂ ਨੂੰ ਅਜਿਹੀ ਰਾਜਨੀਤੀ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਹ ਲੋਕ ਜਾਤ ਅਤੇ ਧਰਮ ਦੇ ਆਧਾਰ 'ਤੇ ਸਮਾਜ ਨੂੰ ਵੰਡ ਕੇ ਨਫ਼ਰਤ ਫੈਲਾਉਂਦੇ ਹਨ, ਪਰ 'ਆਪ' ਅਜਿਹੀ ਸਿਆਸਤ ਵਿੱਚ ਵਿਸ਼ਵਾਸ ਨਹੀਂ ਰੱਖਦੀ।'

## ਲੋਕ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ...

**ਭੋਪਾਲ (ਨ ਜ਼ ਸ)**
ਵੀਰਵਾਰ ਈਦ ਅਲ-ਅਜ਼ਹਾ (ਬਕਰੀਦ) ਦੇ ਦਿਨ ਉਰਦੂ ਸਾਹਿਤ ਦੀ ਬੁਲੰਦ ਆਵਾਜ਼ ਹਮੇਸ਼ਾ ਲਈ ਚੁੱਪ ਹੋ ਗਈ; ਉਹ ਆਵਾਜ਼, ਜਿਸ ਨੇ ਮਨੁੱਖੀ ਰਿਸ਼ਤਿਆਂ ਦੀ ਨਿੱਘ, ਵਿਛੋੜੇ ਦੀ ਪੀੜ ਅਤੇ ਜੀਵਨ ਦੀ ਸਹਿਜ ਸਾਦਗੀ ਨੂੰ ਵਿਲੱਖਣ ਰੂਪ ਵਿੱਚ ਕੈਦ ਕੀਤਾ। ਪ੍ਰਸਿੱਧ ਸ਼ਾਇਰ ਡਾ. ਬਸ਼ੀਰ ਬਦਰ ਨੇ 91 ਸਾਲ ਦੀ ਉਮਰ ਵਿੱਚ ਇੱਥੇ ਆਪਣੇ ਨਿਵਾਸ ਸਥਾਨ 'ਤੇ ਆਖਰੀ ਸਾਹ ਲਿਆ। ਉਹ ਯਾਦਾਸ਼ਤ ਤਬਾਹ ਕਰਨ ਵਾਲੀ ਬਿਮਾਰੀ (ਡਿਮੈਂਸ਼ੀਆ) ਤੋਂ ਪੀੜਤ ਸਨ। ਉਨ੍ਹਾ ਦੀ ਹਾਲਤ ਏਨੀ ਵਿਗੜ ਗਈ ਸੀ ਕਿ ਉਹ ਹੁਣ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਜਾਣੂੰਆਂ ਨੂੰ ਵੀ ਪਛਾਣਨ ਦੇ ਯੋਗ ਨਹੀਂ ਰਹੇ ਸਨ। ਉਹ ਪਰਵਾਰ ਵਿੱਚ ਪੁੱਤਰ ਤੈਯਬ ਅਤੇ ਪਤਨੀ ਡਾ. ਰਾਹਤ ਨੂੰ ਛੱਡ ਗਏ ਹਨ।



ਆਧੁਨਿਕ ਗ਼ਜ਼ਲ ਦੇ ਉਸਤਾਦ ਮੰਨੇ ਜਾਂਦੇ ਬਦਰ ਨੂੰ ਸਾਹਿਤ ਵਿੱਚ ਯੋਗਦਾਨ ਲਈ ਪਦਮਸ੍ਰੀ ਨਾਲ ਸਨਮਾਨਤ ਕੀਤਾ ਗਿਆ ਸੀ।

ਬਸ਼ੀਰ ਬਦਰ ਦਾ ਜਨਮ 15 ਫਰਵਰੀ 1935 ਨੂੰ ਯੂ ਪੀ ਦੇ ਅਯੁੱਧਿਆ ਵਿੱਚ ਹੋਇਆ ਸੀ। ਉਨ੍ਹਾ ਪੀ ਐੱਚ ਡੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪੂਰੀ ਕੀਤੀ ਅਤੇ ਉੱਥੇ ਉਰਦੂ ਦੇ ਪ੍ਰੋਫੈਸਰ ਵੀ ਰਹੇ। ਉਹ ਸਰਲ, ਰੋਮਾਂਟਿਕ ਅਤੇ ਬਹੁਤ ਪ੍ਰਭਾਵਸ਼ਾਲੀ ਬੋਲਚਾਲ ਵਾਲੀ ਭਾਸ਼ਾ ਵਿੱਚ ਗ਼ਜ਼ਲਾਂ ਲਿਖਣ ਲਈ ਜਾਣੇ ਜਾਂਦੇ ਸਨ। ਉਨ੍ਹਾ ਗ਼ਜ਼ਲ ਸ਼ੈਲੀ ਵਿੱਚ ਬਹੁਤ ਸਾਰੇ ਨਵੇਂ ਅਤੇ ਵਿਲੱਖਣ ਸ਼ਬਦਾਂ ਨੂੰ ਪੇਸ਼ ਕੀਤਾ। ਉਨ੍ਹਾ ਕਈ ਕਿਤਾਬਾਂ

• ਬਾਕੀ ਸਫਾ 2 'ਤੇ

**ਆਜ ਇੰਸਾਂ ਕੋ ਮੋਹੱਬਤ ਕੀ...**

ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਨੇ ਦੋ,
ਨਾ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਵੇ।
ਕੋਈ ਭੀ ਹਾਥ ਨਾ ਮਿਲਾਏਗਾ ਜੋ ਗਲੇ ਮਿਲੋਗੇ ਤਪਾਕ ਸੇ,
ਯੇ ਨਏ ਮਿਜ਼ਾਜ ਕਾ ਸ਼ਹਰ ਹੈ ਜ਼ਰਾ ਫਾਸਲੇ ਸੇ ਮਿਲਾ ਕਰੋ।
ਲੋਕ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ,
ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ।
ਕੁਛ ਤੋ ਮਜਬੂਰੀਆਂ ਰਹੀ ਹੋਂਗੀ,
ਯੂੰ ਕੋਈ ਬੇਵਫਾ ਨਹੀਂ ਹੋਤਾ।
ਜ਼ਿੰਦਗੀ ਤੂ ਨੇ ਮੁਝੇ ਕਬ੍ਰ ਸੇ ਕਮ ਦੀ ਹੈ ਜ਼ਮੀਂ,
ਪਾਂਵ ਫੈਲਾਊਂ ਤੋ ਦੀਵਾਰ ਮੇਂ ਸਰ ਲਗਤਾ ਹੈ।
ਯਹਾਂ ਲਿਬਾਸ ਕੀ ਕੀਮਤ ਹੈ ਆਦਮੀ ਕੀ ਨਹੀਂ,
ਮੁਝੇ ਗਿਲਾਸ ਬੜੇ ਦੇ ਸ਼ਰਾਬ ਕਮ ਕਰ ਦੇ।
ਮੋਹੱਬਤੋਂ ਮੇਂ ਦਿਖਾਵੇ ਕੀ ਦੋਸਤੀ ਨਾ ਮਿਲਾ,
ਅਗਰ ਗਲੇ ਨਹੀਂ ਮਿਲਤਾ ਤੋ ਹਾਥ ਭੀ ਨਾ ਮਿਲਾ।
ਸਾਤ ਸੰਦੂਕੋਂ ਮੇਂ ਭਰ ਕਰ ਦਫਨ ਕਰ ਦੋ ਨਫਰਤੇਂ,
ਆਜ ਇੰਸਾਂ ਕੋ ਮੋਹੱਬਤ ਕੀ ਜ਼ਰੂਰਤ ਹੈ ਬਹੁਤ।

## ਬਿੱਟੂ ਚਿੱਕੜ ਉਛਾਲਣ ਦੀ ਥਾਂ ਸਿਧਾਂਤਕ ਸਵਾਲਾਂ ਦਾ ਜਵਾਬ ਦੇਣ : ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ ਕ੍ਰਿਸ਼ਨ ਗਰਗ)**-'ਆਪ' ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਲਗਾਏ ਗਏ ਤਮਾਮ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਉਨ੍ਹਾ 'ਤੇ ਪਲਟਵਾਰ ਕਰਦਿਆਂ ਕਿਹਾ ਹੈ, 'ਜਦੋਂ ਚੋਣਾਂ ਦੌਰਾਨ ਬਿੱਟੂ ਦੀ ਗੁੰਡਾਗਰਦੀ ਖ਼ਿਲਾਫ਼ ਸਾਡੀ ਪਾਰਟੀ ਅਤੇ ਮੈਂ ਸਿਧਾਂਤਕ ਸਵਾਲ ਉਠਾਏ ਤਾਂ ਬਿੱਟੂ ਜੀ ਨੇ ਜਵਾਬ ਦੇਣ ਦੀ ਬਜਾਏ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਉਹ ਪੂਰੀ ਤਰ੍ਹਾਂ ਪੱਧਰਹੀਣ ਰਾਜਨੀਤੀ 'ਤੇ ਉਤਰ ਆਏ ਅਤੇ ਮੇਰੇ ਤੇ ਮੇਰੇ ਮਰਹੂਮ ਪਿਤਾ ਖ਼ਿਲਾਫ਼ ਘਟੀਆ ਚਿੱਕੜ ਉਛਾਲਣ ਲੱਗੇ, ਜਿਸ ਦਾ ਜਵਾਬ ਦੇਣਾ ਬੇਹੱਦ ਜ਼ਰੂਰੀ ਹੈ।'



ਵੀਰਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਸਾਡਾ ਸਿਧਾਂਤਕ ਸਵਾਲ ਸਿੱਧਾ ਸੀ ਕਿ ਇੱਕ ਪਾਸੇ ਤਾਂ ਤੁਸੀਂ ਪੰਜਾਬ ਪੁਲਸ ਦੇ ਵਰਦੀਧਾਰੀ ਜਵਾਨਾਂ ਅਤੇ ਅਫ਼ਸਰਾਂ ਦੇ ਗਲ਼ਮੇ ਨੂੰ ਹੱਥ ਪਾਉਂਦੇ ਹੋ, ਉਨ੍ਹਾਂ ਨੂੰ 'ਦਲਾਲ' ਅਤੇ 'ਗੁੰਡਾ' ਵਰਗੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋ। ਜੇਕਰ ਤੁਹਾਨੂੰ ਪੰਜਾਬ ਦੀ ਪੁਲਸ ਏਨੀ ਹੀ ਮਾੜੀ ਲੱਗਦੀ ਹੈ, ਤਾਂ 2017 ਵਿੱਚ ਕਾਂਗਰਸ ਸਰਕਾਰ ਦੇ ਸਮੇਂ ਤੁਸੀਂ ਸਾਰੇ ਨਿਯਮ-ਕਾਨੂੰਨ ਛਿੱਕੇ ਟੰਗ ਕੇ ਆਪਣੇ ਭਰਾ ਗੁਰਇਕਬਾਲ ਸਿੰਘ ਹਨੀ ਨੂੰ ਸਿੱਧਾ ਡੀ ਐੱਸ ਪੀ ਕਿਉਂ ਲਗਵਾਇਆ? ਅੱਜ ਵੀ ਤੁਹਾਡਾ ਭਰਾ ਪੰਜਾਬ ਦੇ ਖ਼ਜ਼ਾਨੇ ਵਿੱਚੋਂ ਅਤੇ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸੇ ਤੋਂ ਤਨਖਾਹ ਲੈ ਰਿਹਾ ਹੈ। ਉਨ੍ਹਾ ਬਿੱਟੂ ਨੂੰ ਘੇਰਦਿਆਂ ਕਿਹਾ ਕਿ ਮੈਂ ਤੁਹਾਡੇ ਦਾਦਾ ਜੀ ਸਰਦਾਰ ਬੇਅੰਤ ਸਿੰਘ ਜੀ ਦਾ ਬੇਹੱਦ ਸਤਿਕਾਰ ਕਰਦਾ ਹਾਂ, ਜਿਨ੍ਹਾ ਦੇ ਮੁੱਖ ਮੰਤਰੀ ਰਹਿੰਦਿਆਂ ਮੇਰੇ ਪਿਤਾ ਵਿਧਾਇਕ ਸਨ, ਪਰ ਸਵਾਲ ਇਹ ਹੈ ਕਿ ਜੇਕਰ ਤੁਸੀਂ ਸਿਰਫ਼ ਆਪਣੇ ਭਰਾ ਲਈ ਕਾਨੂੰਨ ਬਦਲਵਾ ਸਕਦੇ ਸੀ, ਤਾਂ ਉਸ ਬੰਬ ਧਮਾਕੇ ਵਿੱਚ ਸ਼ਹੀਦ ਹੋਏ ਬਾਕੀ 17 ਪੁਲਸ ਮੁਲਾਜ਼ਮਾਂ ਅਤੇ ਆਮ ਨਾਗਰਿਕਾਂ ਦੇ ਪਰਵਾਰਾਂ ਨੂੰ ਡੀ ਐੱਸ ਪੀ ਕਿਉਂ ਨਹੀਂ ਲਗਵਾਇਆ? ਕੀ ਉਨ੍ਹਾਂ ਦੇ ਪਰਵਾਰਾਂ ਦੀ ਕੋਈ ਸ਼ਹਾਦਤ ਨਹੀਂ ਸੀ? ਤੁਸੀਂ ਕੇਵਲ ਆਪਣੇ ਪਰਵਾਰ ਦੇ ਸੁਆਰਥ ਲਈ ਕਾਨੂੰਨ ਨੂੰ ਅੰਗੂਠਾ ਦਿਖਾਇਆ ਅਤੇ ਬਾਕੀ ਪੀੜਤ ਪਰਵਾਰ ਅੱਜ ਵੀ ਦਰ-ਦਰ ਭਟਕ ਰਹੇ ਹਨ।ਬਿੱਟੂ ਵੱਲੋਂ ਅਰੋੜਾ ਨੂੰ 'ਕਪੁੱਤ' ਕਹਿਣ ਵਾਲੇ ਬਿਆਨ 'ਤੇ ਅਰੋੜਾ ਨੇ ਕਿਹਾ ਕਿ ਪੁੱਤ ਕਪੁੱਤ ਹੈ ਜਾਂ ਸਪੁੱਤ, ਇਹ ਪੁੱਛਣ ਲਈ ਤੁਹਾਨੂੰ ਮੇਰੇ ਮਰਹੂਮ ਪਿਤਾ ਕੋਲ ਉਪਰ ਜਾਣਾ ਪਵੇਗਾ ਜਾਂ ਫਿਰ ਕੱਲ੍ਹ ਤੁਸੀਂ ਸੁਨਾਮ ਆ ਕੇ ਮੇਰੀ ਮਾਂ ਤੋਂ ਪੁੱਛ ਲਵੋ, ਜੋ ਪਿਛਲੇ ਸਵਾ

• ਬਾਕੀ ਸਫਾ 2 'ਤੇ

## ਕਰਨਾਟਕ ਦੇ ਮੁੱਖ ਮੰਤਰੀ ਨੇ ਦਿੱਤਾ ਅਸਤੀਫਾ

**ਬੈਂਗਲੁਰੂ (ਨ ਜ਼ ਸ)**-ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਵੀਰਵਾਰ ਆਪਣਾ ਅਸਤੀਫਾ ਸੌਂਪ ਦਿੱਤਾ, ਜਿਸ ਨਾਲ ਰਾਜ ਵਿੱਚ ਸੱਤਾ-ਵੰਡ ਨੂੰ ਲੈ ਕੇ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਦਾ ਅੰਤ ਹੋ ਗਿਆ। ਰਾਜਪਾਲ ਥਾਵਰ ਚੰਦ ਗਹਿਲੋਤ ਦੀ ਗੈਰਹਾਜ਼ਰੀ ਵਿੱਚ ਉਨ੍ਹਾ ਰਾਜਪਾਲ ਦੇ ਸਕੱਤਰ ਨੂੰ ਅਸਤੀਫਾ ਪੱਤਰ ਸੌਂਪ ਦਿੱਤਾ। ਸਿੱਧਰਮਈਆ ਨੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਲੀਡਰਸ਼ਿਪ ਅਤੇ ਕਾਂਗਰਸ ਵਿਧਾਇਕ ਦਲ ਇਹ ਫੈਸਲਾ ਕਰਨਗੇ ਕਿ ਉਨ੍ਹਾਂ ਦਾ ਉਤਰਾਧਿਕਾਰੀ ਕੌਣ ਹੋਵੇਗਾ। ਸਿੱਧਰਮਈਆ ਨੇ ਕਿਹਾ ਕਿ ਉਨ੍ਹਾ ਪਹਿਲਾਂ ਵੀ ਕਿਹਾ ਸੀ ਕਿ ਜਦੋਂ ਵੀ ਕਾਂਗਰਸ ਲੀਡਰਸ਼ਿਪ ਉਨ੍ਹਾਂ ਨੂੰ ਕਹੇਗੀ, ਉਹ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ। ਉਨ੍ਹਾ ਕਿਹਾ ਕਿ ਉਹ ਸਰਗਰਮ ਰਾਜਨੀਤੀ ਵਿੱਚ ਰਹਿਣਗੇ। ਉਨ੍ਹਾਂ ਕਿਹਾ, 'ਆਪਣੇ ਆਖਰੀ ਸਾਹ ਤੱਕ ਮੈਂ ਫਿਰਕੂ ਤਾਕਤਾਂ ਵਿਰੁੱਧ ਲੜਾਂਗਾ, ਕਿਉਂਕਿ ਸੰਵਿਧਾਨ ਇਸ ਦਾ ਵਿਰੋਧ ਕਰਦਾ ਹੈ।' ਉਨ੍ਹਾ ਕਿਹਾ ਕਿ ਹਾਲਾਂ ਕਿ ਹਾਈਕਮਾਂਡ ਨੇ ਉਨ੍ਹਾ ਨੂੰ ਰਾਜ ਸਭਾ ਸੰਸਦ ਮੈਂਬਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਜੋ ਮੈਂ ਨਿਮਰਤਾ ਨਾਲ ਇਹ ਕਹਿ ਕੇ ਠੁਕਰਾ ਦਿੱਤਾ ਕਿ ਮੈਨੂੰ ਰਾਸ਼ਟਰੀ ਰਾਜਨੀਤੀ ਵਿੱਚ ਦਿਲਚਸਪੀ ਨਹੀਂ ਹੈ।

## ਕਰਨਾਟਕ 'ਚ ਘੱਟੋ-ਘੱਟ ਮਜ਼ਦੂਰੀ 20300 ਤੋਂ 24700 ਰੁਪਏ ਤੱਕ

**ਲੁਧਿਆਣਾ (ਐੱਮ ਐੱਸ ਭਾਟੀਆ)**
ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਕਰਨਾਟਕ ਸਰਕਾਰ ਵੱਲੋਂ ਰਾਜ ਦੇ ਵੱਖ-ਵੱਖ ਨਿਰਧਾਰਤ ਰੁਜ਼ਗਾਰ ਖੇਤਰਾਂ ਵਿੱਚ ਘੱਟੋ-ਘੱਟ ਮਜ਼ਦੂਰੀ ਵਿੱਚ ਵੱਡੇ ਪੱਧਰ 'ਤੇ ਵਾਧਾ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਰਿਪੋਰਟਾਂ ਅਨੁਸਾਰ 80 ਤੋਂ ਵੱਧ ਰੁਜ਼ਗਾਰ ਸ਼੍ਰੇਣੀਆਂ ਵਿੱਚ ਮਜ਼ਦੂਰੀਆਂ ਵਿੱਚ ਔਸਤਨ ਲਗਭਗ 60 ਫ਼ੀਸਦੀ ਵਾਧਾ ਕੀਤਾ ਗਿਆ ਹੈ, ਜਿਸ ਨਾਲ ਕਰਨਾਟਕ ਵਿੱਚ ਗੈਰ-ਹੁਨਰਮੰਦ ਮਜ਼ਦੂਰਾਂ ਦੀ ਮਹੀਨਾਵਾਰ ਮਜ਼ਦੂਰੀ 20,300 ਰੁਪਏ ਤੋਂ 24,700 ਰੁਪਏ ਤੱਕ ਹੋ ਗਈ ਹੈ। ਏਟਕ ਕਰਨਾਟਕ ਦੀਆਂ ਟ੍ਰੇਡ ਯੂਨੀਅਨਾਂ ਨੂੰ ਦਿਲੋਂ ਵਧਾਈ ਦਿੰਦੀ ਹੈ, ਜਿਨ੍ਹਾਂ ਦੇ ਲਗਾਤਾਰ ਯਤਨਾਂ ਅਤੇ ਕੀਤੇ ਹੋਏ ਸੰਘਰਸ਼ਾਂ ਨੇ ਇਹ ਫਲ ਦਿੱਤਾ ਹੈ।

**■ ਕੇਂਦਰ ਤੇ ਬਾਕੀ ਸੂਬੇ ਵੀ ਲਾਗੂ ਕਰਨ : ਏਟਕ**

ਏਟਕ ਇਸ ਨੂੰ ਸਿਰਫ਼ ਮਜ਼ਦੂਰ ਭਲਾਈ ਦਾ ਕਦਮ ਨਹੀਂ, ਸਗੋਂ ਮਜ਼ਬੂਤ ਅਰਥ ਸ਼ਾਸਤਰੀ ਸੋਚ ਮੰਨਦੀ ਹੈ। ਆਰਥਿਕ ਵਿਕਾਸ ਨੂੰ ਦੱਬੀਆਂ ਹੋਈਆਂ ਮਜ਼ਦੂਰੀਆਂ ਅਤੇ ਅਸੁਰੱਖਿਅਤ ਰੁਜ਼ਗਾਰ ਦੇ ਆਧਾਰ 'ਤੇ ਨਹੀਂ ਖੜ੍ਹਾ ਕੀਤਾ ਜਾ ਸਕਦਾ। ਕਈ ਦਹਾਕਿਆਂ ਤੋਂ ਨਵ-ਉਦਾਰਵਾਦੀ ਨੀਤੀਕਾਰਾਂ ਨੇ ਮਹਿੰਗਾਈ 'ਤੇ ਕਾਬੂ ਦੇ ਝੂਠੇ ਤਰਕ ਰਾਹੀਂ ਘੱਟ ਮਜ਼ਦੂਰੀ ਨੂੰ ਜਾਇਜ਼

• ਬਾਕੀ ਸਫਾ 2 'ਤੇ

## ਜਨਸੰਖਿਆਈ ਬਦਲਾਵਾਂ ਦੀ ਜਾਂਚ ਲਈ ਉੱਚ-ਪੱਧਰੀ ਕਮੇਟੀ ਬਣਾਉਣ ਦਾ ਤਿੱਖਾ ਵਿਰੋਧ

**ਲੁਧਿਆਣਾ (ਨ ਜ਼ ਸ)**-ਭਾਰਤੀ ਕਮਿਊਨਿਸਟ ਪਾਰਟੀ ਨੇ ਕੇਂਦਰ ਸਰਕਾਰ ਵੱਲੋਂ ਦੇਸ਼ ਵਿੱਚ ਕਥਿਤ ਗੈਰ-ਕੁਦਰਤੀ ਜਨਸੰਖਿਆਈ ਬਦਲਾਵਾਂ ਦੀ ਜਾਂਚ ਕਰਨ ਲਈ ਉੱਚ-ਪੱਧਰੀ ਕਮੇਟੀ ਬਣਾਉਣ ਦੇ ਫ਼ੈਸਲੇ ਦੀ ਤਿੱਖੀ ਨਿੰਦਾ ਕੀਤੀ ਹੈ। ਨਵੀਂ ਦਿੱਲੀ ਵਿੱਚ ਕੌਮੀ ਸਕੱਤਰੇਤ ਵੱਲੋਂ ਜਾਰੀ ਬਿਆਨ ਵਿੱਚ ਪਾਰਟੀ ਨੇ ਕਿਹਾ ਕਿ ਇਹ ਕਦਮ ਭਾਜਪਾ ਅਗਵਾਈ ਵਾਲੀ ਸਰਕਾਰ ਵੱਲੋਂ ਫਿਰਕਾਪ੍ਰਸਤੀ ਧਰੁਵੀਕਰਨ ਨੂੰ ਹੋਰ ਡੂੰਘਾ ਕਰਨ ਅਤੇ ਘੱਟ ਗਿਣਤੀਆਂ ਅਤੇ ਸਮਾਜ ਦੇ ਹਾਸ਼ੀਏ 'ਤੇ ਧੱਕੇ ਗਏ ਵਰਗਾਂ ਵਿੱਚ ਡਰ ਪੈਦਾ ਕਰਨ ਦੀ ਇੱਕ ਹੋਰ ਖ਼ਤਰਨਾਕ ਕੋਸ਼ਿਸ਼ ਹੈ। ਇਹ ਆਰ ਐੱਸ ਐੱਸ ਦੇ ਹਿੰਦੂ ਰਾਸ਼ਟਰ ਦੇ ਵਿਚਾਰ ਨੂੰ ਅੱਗੇ ਵਧਾਉਣ ਵੱਲ ਇੱਕ ਹੋਰ ਕਦਮ ਹੈ।ਸੀ ਪੀ ਆਈ ਇਸ ਕਾਰਵਾਈ ਨੂੰ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ), ਪ੍ਰਸਤਾਵਤ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ (ਐੱਨ ਆਰ ਸੀ) ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸਮੀਖਿਆ (ਐੱਸ ਆਈ ਆਰ) ਵਰਗੀਆਂ ਭੇਦਭਾਵਪੂਰਨ ਕਾਰਵਾਈਆਂ ਦੀ ਲੜੀ ਦਾ ਹੀ ਹਿੱਸਾ ਮੰਨਦੀ ਹੈ। ਜਨਸੰਖਿਆਈ ਚਿੰਤਾਵਾਂ ਦੇ ਨਾਂਅ 'ਤੇ ਸਰਕਾਰ ਇੱਕ ਵਾਰ ਫਿਰ ਕਰੋੜਾਂ ਭਾਰਤੀਆਂ ਦੇ ਨਾਗਰਿਕਤਾ ਅਧਿਕਾਰ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ।ਭਾਰਤ ਇੱਕ ਧਰਮ ਨਿਰਪੱਖ ਅਤੇ ਲੋਕਤੰਤਰਿਕ ਗਣਰਾਜ ਹੈ, ਜਿੱਥੇ ਨਾਗਰਿਕਤਾ ਸੰਵਿਧਾਨ ਦੁਆਰਾ ਯਕੀਨੀ ਬਣਾਈ ਗਈ ਹੈ, ਨਾ ਕਿ ਧਰਮ, ਭਾਸ਼ਾ, ਜਾਤ ਜਾਂ ਰਾਜਨੀਤਕ ਸੁਵਿਧਾ ਦੇ ਆਧਾਰ 'ਤੇ। ਘੱਟ ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਨੂੰ ਜਨਸੰਖਿਆਈ ਖ਼ਤਰਾ ਵਜੋਂ ਪੇਸ਼ ਕਰਨ ਦੀਆਂ ਮੁੜ-ਮੁੜ ਕੋਸ਼ਿਸ਼ਾਂ ਸੰਵਿਧਾਨ ਵਿਰੋਧੀ ਹਨ ਅਤੇ ਲੋਕਾਂ ਦਾ ਧਿਆਨ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਵਿੱਚ ਬੇਚੈਨੀ, ਪੇਪਰ ਲੀਕ, ਪ੍ਰੀਖਿਆਵਾਂ ਰੱਦ ਹੋਣ, ਸੀ ਬੀ ਐੱਸ ਈ ਪ੍ਰੀਖਿਆਵਾਂ ਦੇ ਮੰਦੇ ਹਾਲ, ਮਹਿੰਗਾਈ, ਖਾਦਾਂ

• ਬਾਕੀ ਸਫਾ 2 'ਤੇ

## ਵਿਜਯਨ ਦੇ ਨਿਵਾਸ 'ਤੇ ਈ ਡੀ ਛਾਪਿਆਂ ਦੀ ਸੀ ਪੀ ਆਈ ਵੱਲੋਂ ਨਿੰਦਾ

**ਲੁਧਿਆਣਾ (ਨ ਜ਼ ਸ)** ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਕਿਹਾ ਹੈ ਕਿ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਪਿਨਰਾਈ ਵਿਜਯਨ ਦੇ ਨਿਵਾਸ 'ਤੇ ਈ ਡੀ ਵੱਲੋਂ ਮਾਰੇ ਗਏ ਛਾਪੇ ਸਾਫ਼ ਤੌਰ 'ਤੇ ਰਾਜਨੀਤਕ ਬਦਲੇ ਦੀ ਕਾਰਵਾਈ ਹਨ ਅਤੇ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕੇਂਦਰੀ ਜਾਂਚ ਏਜੰਸੀਆਂ ਦੀ ਬੇਸ਼ਰਮ ਦੁਰਵਰਤੋਂ ਦਾ ਇੱਕ ਹੋਰ ਉਦਾਹਰਨ ਹਨ। ਅਜਿਹੀਆਂ ਕਾਰਵਾਈਆਂ ਦਾ ਮਕਸਦ ਖੱਬੇ ਧੜੇ ਨੂੰ ਡਰਾਉਣਾ, ਰਾਜਨੀਤਕ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣਾ ਅਤੇ ਸੰਘੀ ਢਾਂਚੇ ਦੇ ਸਿਧਾਂਤਾਂ ਨੂੰ ਕਮਜ਼ੋਰ ਕਰਨਾ ਹੈ।ਵਿਰੋਧੀ ਧਿਰ ਦੇ ਰਾਜਾਂ ਅਤੇ ਅਸਹਿਮਤੀ ਵਾਲੀਆਂ ਰਾਜਨੀਤਕ ਆਵਾਜ਼ਾਂ ਦੇ ਖ਼ਿਲਾਫ਼ ਈ ਡੀ ਵਰਗੀਆਂ ਏਜੰਸੀਆਂ ਦਾ ਮੁੜ-ਮੁੜ ਹਥਿਆਰ ਵਜੋਂ ਇਸਤੇਮਾਲ ਲੋਕਤੰਤਰ ਅਤੇ ਸੰਘੀ ਪ੍ਰਣਾਲੀ ਲਈ ਗੰਭੀਰ ਖ਼ਤਰਾ ਹੈ। ਸਾਰੀਆਂ ਲੋਕਤੰਤਰਿਕ, ਧਰਮ ਨਿਰਪੇਖ ਅਤੇ ਸੰਘੀ ਤਾਕਤਾਂ ਨੂੰ ਰਾਜਨੀਤਕ ਵਿਰੋਧ ਨੂੰ ਚੁੱਪ ਕਰਨ ਅਤੇ ਡਰਾਉਣ ਵਾਲੀਆਂ ਇਨ੍ਹਾਂ ਤਾਨਾਸ਼ਾਹੀ ਕੋਸ਼ਿਸ਼ਾਂ ਦੇ ਖ਼ਿਲਾਫ਼ ਇਕੱਠੇ ਹੋਣਾ ਚਾਹੀਦਾ ਹੈ।

## ਅੱਜ-ਨਾਮਾ

ਮਿਲ ਗਿਆ ਨਵਾਂ ਪ੍ਰਧਾਨ ਆ ਭਾਜਪਾ ਨੂੰ,
ਉਹੋ ਪੰਜਾਬ ਵਿੱਚ ਕਰੂ ਅਗਵਾਈ ਬੇਲੀ।
ਵਿਧਾਨ ਸਭਾ ਦੀ ਮੁੱਕੀ ਮਿਆਦ ਫਿਰਦੀ,
ਅਗਲੀ ਚੋਣ ਵੀ ਆਈ ਕਿ ਆਈ ਬੇਲੀ।
ਕਬਜ਼ਾ ਕਰਨਾ ਈ ਕਿੱਦਾਂ ਪੰਜਾਬ ਉੱਪਰ,
ਕਹਿੰਦੇ ਕੁਝ ਭਾਜਪਾ ਸੋਚ ਬਣਾਈ ਬੇਲੀ।
ਨੁਸਖੇ ਜਿੱਦਾਂ ਬੰਗਾਲ ਵਿੱਚ ਵਰਤ ਚੁੱਕੇ,
ਨੀਤੀ ਜਾਣੀ ਆ ਉਹੀ ਅਜ਼ਮਾਈ ਬੇਲੀ।
ਰਿੱਝਦੇ ਸੁਣੇ ਪੁਰਾਣੇ ਕਈ ਭਾਜਪਾਈਏ,
ਕਹਿਣੀ ਸੌਖੀ ਨਹੀਂ ਬਾਤ ਹੈ ਖਰੀ ਬੇਲੀ।
ਕੰਨੋ-ਕੰਨੀ ਪਏ ਆਪੋ ਵਿੱਚ ਕਹੀ ਜਾਂਦੇ,
ਬੇਗਾਨੇ ਕਬਜ਼ੇ ਹਨ ਜਾਂਵਦੇ ਕਰੀ ਬੇਲੀ।

-ਤੀਸ ਮਾਰ ਖਾਂ

## ਮਨਰੇਗਾ ਖੈਰਾਤ ਨਹੀਂ, ਮਜ਼ਦੂਰ ਦਾ ਹੱਕ : ਐਨੀ ਰਾਜਾ

### ਖੱਬੀਆਂ ਧਿਰਾਂ ਮਨਰੇਗਾ ਲਾਗੂ ਕਰਵਾਉਣ ਲਈ ਦ੍ਰਿੜ੍ਹ : ਗੋਰੀਆ

**ਅੰਗੋਲ (ਆਂਧਰਾ ਪ੍ਰਦੇਸ਼) (ਗਿਆਨ ਸੈਦਪੁਰੀ)**
'ਮਨਰੇਗਾ ਖੈਰਾਤ ਨਹੀਂ, ਇਹ ਮਜ਼ਦੂਰਾਂ ਦਾ ਹੱਕ ਹੈ, ਜੋ ਯੂ ਪੀ ਏ ਸਰਕਾਰ ਵੇਲੇ ਕਮਿਊਨਿਸਟਾਂ ਦੇ ਉਦਮ ਨਾਲ ਮਿਲਿਆ ਸੀ। ਮੌਜੂਦਾ ਮੋਦੀ ਸਰਕਾਰ ਮਜ਼ਦੂਰ ਦਾ ਜ਼ਰੂਰੀ ਹੱਕ ਖੋਹਣ ਦੇ ਰਾਹ ਤੁਰੀ ਹੋਈ ਹੈ, ਜੋ ਬਰਦਾਸ਼ਤਯੋਗ ਨਹੀਂ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦੇ ਸਕੱਤਰ ਐਨੀ ਰਾਜਾ ਨੇ ਕੀਤਾ। ਉਹ ਆਂਧਰਾ ਪ੍ਰਦੇਸ਼ ਦੇ ਪਰਕਾਸਮ ਜ਼ਿਲ੍ਹੇ ਦੇ ਅੰਗੋਲ ਸ਼ਹਿਰ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦੀ ਮੀਟਿੰਗ ਤੋਂ ਪਹਿਲਾਂ ਹੋਏ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। 'ਵੀ ਬੀ ਜੀ ਰਾਮ ਜੀ ਰਾਹੀਂ ਪੇਂਡੂ ਗਰੀਬਾਂ 'ਤੇ ਹਮਲਾ ਬੰਦ ਕਰੋ ਤੇ ਮਨਰੇਗਾ ਬਹਾਲ ਕਰੋ' ਵਿਸ਼ੇ 'ਤੇ ਹੋਏ ਸੈਮੀਨਰ ਦੀ ਪ੍ਰਧਾਨਗੀ ਸੀ ਪੀ ਆਈ ਦੇ ਕੌਮੀ ਸਕੱਤਰ ਰਾਮਾ ਕ੍ਰਿਸ਼ਨ, ਸੀ ਪੀ ਆਈ ਆਂਧਰਾ ਪ੍ਰਦੇਸ਼ ਦੇ ਸਕੱਤਰ ਈਸ਼ਵਰੀਆ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪੇਰੀਆਸਾਮੀ, ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਸਕੱਤਰ ਵਿਜੈਂਦਰ ਸਿੰਘ ਨਿਰਮਲ, ਸਾਬਕਾ ਵਿਧਾਇਕ ਬਿਹਾਰ ਜਾਨਕੀ ਪਾਸਵਾਨ ਤੇ ਜੀ ਇਸਮਾਇਲ ਨੇ ਕੀਤੀ।ਐਨੀ ਰਾਜਾ ਨੇ ਕਿਹਾ ਮਨਰੇਗਾ ਪੇਂਡੂ ਮਜ਼ਦੂਰਾਂ ਦੇ ਇਤਿਹਾਸਕ ਸੰਘਰਸ਼ ਤੋਂ ਬਾਅਦ ਹੋਂਦ ਵਿੱਚ ਆਇਆ ਸੀ, ਜੋ ਕੰਮ ਦੇ ਹੱਕ ਦੀ ਕਾਨੂੰਨੀ ਗਰੰਟੀ ਦਿੰਦਾ ਸੀ। ਇਹ ਕੰਮ ਮੰਗਣ 'ਤੇ ਕੰਮ ਮੁਹੱਈਆ ਕਰਦਾ ਸੀ। ਇਹ ਕੰਮ ਨਾ ਮਿਲਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ ਲਈ ਪਾਬੰਦ ਸੀ। ਇਹ ਗ੍ਰਾਮ ਸਭਾਵਾਂ ਨੂੰ ਤਾਕਤ ਮੁਹੱਈਆ ਕਰਦਾ ਸੀ। ਇਹ ਸਮਾਜਿਕ ਸੁਰੱਖਿਆ ਨੂੰ ਵੀ ਯਕੀਨੀ ਬਣਾਉਂਦਾ ਸੀ। ਇਹ ਪੇਂਡੂ ਮਜ਼ਦੂਰਾਂ, ਔਰਤਾਂ, ਦਲਿਤਾਂ, ਆਦਿਵਾਸੀਆਂ ਤੇ ਜ਼ਮੀਨ ਤੋਂ ਵਾਂਝੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਦਾ ਸੀ। ਕੰਮ ਦੀ ਕਾਨੂੰਨੀ ਗਰੰਟੀ ਲਈ ਖੱਬੀਆਂ ਧਿਰਾਂ ਚਿਰਾਂ ਤੋਂ ਯਤਨਸ਼ੀਲ ਸਨ। ਦੁਨੀਆ ਭਰ ਵਿੱਚ ਇਹ ਪਹਿਲਾ ਕਾਨੂੰਨ ਸੀ, ਜੋ ਵਿਆਪਕ ਪੱਧਰ 'ਤੇ ਰੁਜ਼ਗਾਰ ਮੁਹੱਈਆ ਕਰਵਾਉਂਦਾ ਸੀ। ਇਹ ਉਸ ਯਤਨ ਦੀ ਕਾਮਯਾਬੀ ਵੀ ਸੀ, ਜਦੋਂ ਅਸੀਂ 'ਹਰ ਹਾਥ ਕੋ ਕਾਮ ਦੋ, ਹਰ ਕਾਮ ਕੋ ਦਾਮ ਦੋ' ਦੇ ਨਾਹਰੇ ਤਹਿਤ 52 ਜ਼ਿਲਿਆਂ ਵਿੱਚ 51 ਦਿਨ ਯਾਤਰਾ ਕੀਤੀ ਸੀ।




ਜਦੋਂ ਤੋਂ ਮੋਦੀ

• ਬਾਕੀ ਸਫਾ 2 'ਤੇ

## ਰਿਪੁਦਮਨ ਸਿੰਘ ਰੂਪ ਦਾ ਸਰੀਰ ਖੋਜ ਕਾਰਜਾਂ ਵਾਸਤੇ ਪੀ ਜੀ ਆਈ ਨੂੰ ਦਾਨ



**ਮੁਹਾਲੀ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**-ਪ੍ਰਸਿੱਧ ਪੰਜਾਬੀ ਲੇਖਕ ਐਡਵੋਕੇਟ ਰਿਪੁਦਮਨ ਸਿੰਘ ਰੂਪ (91) ਦੇ ਬੀਤੇ ਦਿਨੀਂ ਵਿਛੋੜੇ ਮਗਰੋਂ ਉਨ੍ਹਾ ਦੀ ਅੰਤਮ ਇੱਛਾ ਅਨੁਸਾਰ ਪਰਵਾਰ ਨੇ ਉਨ੍ਹਾ ਦੀ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਵਾਸਤੇ ਦਾਨ ਕਰ ਦਿੱਤੀ।ਜ਼ਿਕਰਯੋਗ ਹੈ ਕਿ ਸ੍ਰੀ ਰੂਪ ਦੇ ਵੱਡੇ ਭਰਾ ਸ਼੍ਰੋਮਣੀ ਸਾਹਿਤਕਾਰ ਸੰਤੋਖ ਸਿੰਘ ਧੀਰ ਦਾ ਸਰੀਰ ਵੀ 2010 ਵਿੱਚ ਪੀ ਜੀ ਆਈ ਨੂੰ ਦਾਨ ਕੀਤਾ ਗਿਆ ਸੀ। ਪੀ ਜੀ ਆਈ ਜਾਣ ਤੋਂ ਪਹਿਲਾਂ ਸ੍ਰੀ ਰੂਪ ਦੀ ਦੇਹ ਉਨ੍ਹਾ ਦੇ ਗ੍ਰਹਿ ਵਿਖੇ ਅੰਤਮ ਦਰਸ਼ਨਾਂ ਲਈ ਰੱਖੀ ਗਈ, ਜਿਸ ਨੂੰ ਸੈਂਕੜਿਆਂ ਲੇਖਕਾਂ, ਬੁੱਧੀਜੀਵੀਆਂ, ਵਕੀਲਾਂ, ਰੰਗਮੰਚ ਅਤੇ ਫਿਲਮ ਅਦਾਕਾਰਾਂ, ਰਾਜਨੀਤਕ ਅਤੇ ਸਮਾਜਕ ਕਾਰਕੁਨਾਂ, ਮੁਲਾਜ਼ਮ ਆਗੂਆਂ ਸਮੇਤ ਸਕੇ-ਸਬੰਧੀਆਂ ਨੇ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ।

ਇਸ ਮੌਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾ-ਮੁਕਤ ਜੱਜ

• ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਸ਼ੁੱਕਰਵਾਰ, 29 ਮਈ 2026

# ਫ਼ੌਰੀ ਲੋੜ

ਮੁੱਦਾ ਅਮਰੀਕਾ ਅਤੇ ਈਰਾਨ ਵਿਚਕਾਰ ਸਿਰਫ ਜੰਗਬੰਦੀ ਜਾਂ ਪ੍ਰਮਾਣੂ ਸਮਝੌਤੇ ਦਾ ਨਹੀਂ, ਮੁੱਦਾ ਇਹ ਹੈ ਕਿ ਕੀ ਵਿਸ਼ਵ ਅਰਥਵਿਵਸਥਾ ਹਾਰਮੁਜ਼ ਜਲਡਮਰੂ 'ਤੇ ਕੇਂਦਰਤ ਊਰਜਾ, ਭੋਜਨ ਅਤੇ ਰਹਿਣ-ਸਹਿਣ ਦੇ ਖਰਚੇ ਦੇ ਸੰਕਟਾਂ ਵਿੱਚ ਡੂੰਘੀ ਧੱਸਣ ਤੋਂ ਬਚ ਸਕਦੀ ਹੈ। ਹਾਲੀਆ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਵਾਸ਼ਿੰਗਟਨ ਅਤੇ ਤਹਿਰਾਨ ਇੱਕ ਸਮਝੌਤੇ 'ਤੇ ਚਰਚਾ ਕਰ ਰਹੇ ਹਨ, ਜੋ ਇੱਕ ਵਿਆਪਕ ਪ੍ਰਬੰਧ ਦੇ ਹਿੱਸੇ ਵਜੋਂ ਹਾਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹੇਗਾ। ਕਥਿਤ ਤੌਰ 'ਤੇ ਇਸ ਤਜਵੀਜ਼ ਵਿੱਚ 60 ਦਿਨਾਂ ਦੀ ਜੰਗਬੰਦੀ, ਸ਼ਿਪਿੰਗ ਲੇਨਾਂ ਨੂੰ ਦੁਬਾਰਾ ਖੋਲ੍ਹਣਾ, ਕੁਝ ਪਾਬੰਦੀਆਂ ਤੋਂ ਰਾਹਤ ਅਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਨਵੀਂ ਗੱਲਬਾਤ ਸ਼ਾਮਲ ਹੈ। ਇਸ ਦੀ ਜਲਦਬਾਜ਼ੀ ਸਪੱਸ਼ਟ ਹੈ। ਦੁਨੀਆ ਦੇ ਤੇਲ ਦਾ ਲੱਗਭੱਗ ਪੰਜਵਾਂ ਹਿੱਸਾ ਅਤੇ ਤਰਲ ਕੁਦਰਤੀ ਗੈਸ ਦੀ ਸਪਲਾਈ ਦਾ ਇੱਕ ਵੱਡਾ ਹਿੱਸਾ ਆਮ ਤੌਰ 'ਤੇ ਹਾਰਮੁਜ਼ ਜਲਡਮਰੂ ਵਿੱਚੋਂ ਲੰਘਦਾ ਹੈ। ਹਾਲ ਹੀ ਦੇ ਹਫਤਿਆਂ ਵਿੱਚ ਸ਼ਿਪਿੰਗ ਵਿੱਚ ਰੁਕਾਵਟਾਂ, ਫੌਜੀ ਤਣਾਅ ਅਤੇ ਮੁਕਾਬਲੇ ਵਾਲੇ ਜਲ ਸੈਨਾ ਨਿਯੰਤਰਣਾਂ ਨੇ ਮਾਲ ਭਾੜੇ ਦੀ ਲਾਗਤ, ਊਰਜਾ ਕੀਮਤਾਂ ਅਤੇ ਬੀਮਾ ਪ੍ਰੀਮੀਅਮਾਂ ਵਿੱਚ ਵਾਧਾ ਕੀਤਾ ਹੈ। ਜੇ ਜਲਦੀ ਹੀ ਇੱਕ ਪਾਇਦਾਰ ਸਮਝੌਤਾ ਨਹੀਂ ਹੁੰਦਾ, ਤਾਂ ਇਸ ਦੇ ਨਤੀਜੇ ਵਿਸ਼ਵ ਅਰਥ ਵਿਵਸਥਾ ਵਿੱਚ ਤੇਜ਼ੀ ਨਾਲ ਫੈਲਣ ਦੀ ਸੰਭਾਵਨਾ ਹੈ।

ਯਕੀਨਨ, ਅਮੀਰ ਅਰਥਚਾਰੇ ਇਸ ਦੇ ਪ੍ਰਭਾਵ ਮਹਿਸੂਸ ਕਰਨਗੇ। ਈਂਧਨ ਦੀਆਂ ਉੱਚੀਆਂ ਕੀਮਤਾਂ ਯੂਰਪ ਅਤੇ ਉੱਤਰੀ ਅਮਰੀਕਾ ਦੇ ਘਰਾਂ 'ਤੇ ਪਹਿਲਾਂ ਹੀ ਭਾਰ ਪਾਉਣ ਵਾਲੇ ਮਹਿੰਗਾਈ ਦੇ ਦਬਾਅ ਨੂੰ ਤੇਜ਼ ਕਰਨਗੀਆਂ। ਸੁਸਤ ਵਿਕਾਸ ਦਰ ਅਤੇ ਰਹਿਣ-ਸਹਿਣ ਦੀ ਲਗਾਤਾਰ ਵਧਦੀ ਲਾਗਤ ਦੀਆਂ ਚਿੰਤਾਵਾਂ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਨੂੰ ਆਵਾਜਾਈ, ਬਿਜਲੀ ਅਤੇ ਭੋਜਨ ਦੀਆਂ ਕੀਮਤਾਂ ਇੱਕ ਵਾਰ ਫਿਰ ਵਧਣ ਨਾਲ ਨਵੇਂ ਰਾਜਨੀਤਕ ਦਬਾਅ ਦਾ ਸਾਹਮਣਾ ਕਰਨਾ ਪਵੇਗਾ। ਪਰ ਵਿਕਾਸਸ਼ੀਲ ਅਰਥ ਵਿਵਸਥਾਵਾਂ 'ਤੇ ਇਸ ਦਾ ਅਸਰ ਸਖਤ ਹੋਵੇਗਾ। ਬਹੁਤ ਸਾਰੀਆਂ ਵਿਕਾਸਸ਼ੀਲ ਅਰਥ ਵਿਵਸਥਾਵਾਂ ਅਜੇ ਵੀ ਦਰਾਮਦੀ ਈਂਧਨ, ਦਰਾਮਦੀ ਖਾਦ ਅਤੇ ਦਰਾਮਦੀ ਭੋਜਨ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਇਸ ਲਈ, ਊਰਜਾ ਦੇ ਝਟਕੇ ਪੂਰੀ ਅਰਥਵਿਵਸਥਾ ਵਿੱਚ ਫੈਲਦੇ ਹਨ। ਆਵਾਜਾਈ ਦੀਆਂ ਲਾਗਤਾਂ ਵਧਦੀਆਂ ਹਨ। ਖੇਤੀਬਾੜੀ ਉਤਪਾਦਨ ਹੋਰ ਮਹਿੰਗਾ ਹੋ ਜਾਂਦਾ ਹੈ। ਖੁਰਾਕ ਮਹਿੰਗਾਈ ਤੇਜ਼ ਹੁੰਦੀ ਹੈ। ਜਨਤਕ ਵਿੱਤ ਵਿਗੜਦੇ ਹਨ, ਕਿਉਂਕਿ ਸਰਕਾਰਾਂ ਸਬਸਿਡੀਆਂ ਜਾਂ ਐਮਰਜੈਂਸੀ ਸਹਾਇਤਾ ਰਾਹੀਂ ਆਬਾਦੀ ਨੂੰ ਵਧਦੀਆਂ ਕੀਮਤਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਗਤੀਸ਼ੀਲਤਾ ਪਹਿਲਾਂ ਹੀ ਦਿਖਾਈ ਦੇ ਰਹੀ ਹੈ। ਅਫਰੀਕਾ ਅਤੇ ਦੱਖਣੀ ਏਸ਼ੀਆ ਦੇ ਕਈ ਦਰਾਮਦ-ਨਿਰਭਰ ਦੇਸ਼ਾਂ ਵਿੱਚ ਸਰਕਾਰਾਂ ਵਿਗੜਦੇ ਵਿੱਤੀ ਦਬਾਅ ਦਾ ਸਾਹਮਣਾ ਕਰਦੇ ਹੋਏ ਬਦਲਵੀਂ ਈਂਧਨ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਹਾਰਮੁਜ਼ ਜਲਡਮਰੂ ਦੇ ਆਲੇ-ਦੁਆਲੇ ਅਨਿਸਚਿਤਤਾ ਜਿੰਨੀ ਦੇਰ ਤੱਕ ਜਾਰੀ ਰਹੇਗੀ, ਓਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਨੋਟ ਪਸਾਰੇ ਦੇ ਝਟਕੇ ਮੌਜੂਦਾ ਕਰਜ਼ੇ ਦੇ ਸੰਕਟ ਅਤੇ ਸਮਾਜਿਕ ਅਸਥਿਰਤਾ ਨੂੰ ਹੋਰ ਡੂੰਘਾ ਕਰਨਗੇ। ਹਾਰਮੁਜ਼ ਜਲਡਮਰੂ ਸਿਰਫ ਇੱਕ ਖੇਤਰੀ ਜਲਮਾਰਗ ਨਹੀਂ ਹੈ; ਇਹ ਵਿਸ਼ਵ ਪੂੰਜੀਵਾਦ ਦੀਆਂ ਕੇਂਦਰੀ ਰਗਾਂ ਵਿੱਚੋਂ ਇੱਕ ਹੈ। ਜਦੋਂ ਇਸ ਦਾ ਫੌਜੀਕਰਨ ਹੁੰਦਾ ਹੈ ਜਾਂ ਇਹ ਅੰਸ਼ਕ ਤੌਰ 'ਤੇ ਬੰਦ ਹੋ ਜਾਂਦਾ ਹੈ, ਤਾਂ ਇਸ ਦੇ ਪ੍ਰਭਾਵ ਕੁਝ ਦਿਨਾਂ ਦੇ ਅੰਦਰ ਹੀ ਦੁਨੀਆ ਭਰ ਵਿੱਚ ਮਹਿਸੂਸ ਕੀਤੇ ਜਾਂਦੇ ਹਨ। ਭੋਜਨ ਦੀਆਂ ਕੀਮਤਾਂ ਇਨ੍ਹਾਂ ਵਿਘਨਾਂ ਪ੍ਰਤੀ ਖਾਸ ਤੌਰ 'ਤੇ ਸੰਵੇਦਨਸ਼ੀਲ ਹੁੰਦੀਆਂ ਹਨ, ਕਿਉਂਕਿ ਊਰਜਾ ਬਾਜ਼ਾਰ ਅਤੇ ਭੋਜਨ ਪ੍ਰਣਾਲੀਆਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਖਾਦ ਉਤਪਾਦਨ ਕੁਦਰਤੀ ਗੈਸ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਸ਼ਿਪਿੰਗ ਅਤੇ ਰੈਫਰੀਜਰੇਸ਼ਨ ਦੀ ਲਾਗਤ ਤੇਲ ਦੀਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ। ਜਦੋਂ ਊਰਜਾ ਬਾਜ਼ਾਰ ਅਸਥਿਰ ਹੁੰਦੇ ਹਨ, ਤਾਂ ਕਰਿਆਨੇ ਦੇ ਬਿੱਲ ਲੱਗਭੱਗ ਹਰ ਥਾਂ ਵਧ ਜਾਂਦੇ ਹਨ।

ਮੁੱਦਾ ਸਿਰਫ ਇਹ ਨਹੀਂ ਹੈ ਕਿ ਕੀ ਅਮਰੀਕਾ ਅਤੇ ਈਰਾਨ ਟਕਰਾਅ ਵਧਾਉਣ ਤੋਂ ਬਚ ਸਕਦੇ ਹਨ, ਸਗੋਂ ਇਹ ਵੀ ਹੈ ਕਿ ਕੀ ਕਰਜ਼ੇ, ਜਲਵਾਯੂ ਝਟਕਿਆਂ ਅਤੇ ਭੂ-ਰਾਜਨੀਤਕ ਵਿਖੰਡਨ ਕਾਰਨ ਪਹਿਲਾਂ ਹੀ ਤਣਾਅਗ੍ਰਸਤ ਕਮਜ਼ੋਰ ਵਿਸ਼ਵ ਅਰਥਵਿਵਸਥਾ ਹੋਰ ਲੰਮੇ ਸਮੇਂ ਤੱਕ ਊਰਜਾ ਵਿਘਨ ਦਾ ਸਾਹਮਣਾ ਕਰ ਸਕਦੀ ਹੈ। ਹਾਲ ਹੀ ਦੇ ਸਾਲਾਂ ਨੇ ਦਿਖਾਇਆ ਹੈ ਕਿ ਅਜਿਹੇ ਝਟਕੇ ਕਿੰਨੀ ਜਲਦੀ ਰਾਜਨੀਤਕ ਸੰਕਟ ਵਿੱਚ ਬਦਲ ਜਾਂਦੇ ਹਨ। ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਅਰਬ ਵਿਦਰੋਹਾਂ ਤੋਂ ਪਹਿਲ ਦੀ ਅਸ਼ਾਂਤੀ ਵਿੱਚ ਖੁਰਾਕ ਮਹਿੰਗਾਈ ਨੇ ਵੱਡੀ ਭੂਮਿਕਾ ਨਿਭਾਈ ਸੀ। ਹਾਲ ਹੀ ਵਿੱਚ ਵਧੀਆ ਜੀਵਨ ਲਾਗਤਾਂ ਨੇ ਲਾਤੀਨੀ ਅਮਰੀਕਾ ਤੋਂ ਯੂਰਪ ਤੱਕ ਰਾਜਨੀਤਕ ਅਸਥਿਰਤਾ ਨੂੰ ਹਵਾ ਦਿੱਤੀ ਹੈ। ਦੁਨੀਆ ਭਰ ਦੀਆਂ ਸਰਕਾਰਾਂ ਪਹਿਲਾਂ ਹੀ ਵਿਆਪਕ ਅਵਿਸ਼ਵਾਸ, ਸਥਿਰ ਤਨਖਾਹਾਂ ਅਤੇ ਵਧਦੀ ਅਸਮਾਨਤਾ ਦਾ ਸਾਹਮਣਾ ਕਰ ਰਹੀਆਂ ਹਨ। ਊਰਜਾ ਅਤੇ ਭੋਜਨ ਦੀਆਂ ਕੀਮਤਾਂ ਵਿੱਚ ਇੱਕ ਹੋਰ ਨਿਰੰਤਰ ਵਾਧਾ ਇਨ੍ਹਾਂ ਦਬਾਵਾਂ ਨੂੰ ਨਾਟਕੀ ਢੰਗ ਨਾਲ ਤੇਜ਼ ਕਰ ਸਕਦਾ ਹੈ।

ਵਿਡੰਬਨਾ ਇੱਕ ਵਾਰ ਫਿਰ ਇਹ ਹੈ ਕਿ ਬਹੁਤ ਸਾਰੇ ਦੇਸ਼ਾਂ, ਜਿਨ੍ਹਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਣ ਦੀ ਸੰਭਾਵਨਾ ਹੈ, ਦਾ ਸੰਘਰਸ਼ 'ਤੇ ਬਹੁਤ ਘੱਟ ਪ੍ਰਭਾਵ ਹੈ। ਸਭ ਤੋਂ ਗੰਭੀਰ ਆਰਥਿਕ ਜੋਖਮਾਂ ਦਾ ਸਾਹਮਣਾ ਕਰ ਰਹੀਆਂ ਆਬਾਦੀਆਂ ਅਕਸਰ ਭੂ-ਰਾਜਨੀਤਕ ਟਕਰਾਅ ਲਈ ਸਭ ਤੋਂ ਘੱਟ ਜ਼ਿੰਮੇਵਾਰ ਹੁੰਦੀਆਂ ਹਨ, ਫਿਰ ਵੀ ਉਹ ਵਧਦੀਆਂ ਦਰਾਮਦ ਲਾਗਤਾਂ, ਵਿਗੜਦੀ ਭੁੱਖਮਰੀ ਅਤੇ ਸੁੰਗੜਦੀ ਵਿੱਤੀ ਸਪੇਸ ਦਾ ਸਭ ਤੋਂ ਵੱਧ ਸਾਹਮਣਾ ਕਰਦੀਆਂ ਹਨ। ਇਸ ਲਈ ਹਾਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣਾ ਸਿਰਫ ਵਾਸ਼ਿੰਗਟਨ ਜਾਂ ਤਹਿਰਾਨ ਲਈ ਰਣਨੀਤਕ ਸਥਿਰਤਾ ਦਾ ਮਾਮਲਾ ਨਹੀਂ, ਸਗੋਂ ਇਹ ਇੱਕ ਵਿਸ਼ਵਵਿਆਪੀ ਫੌਰੀ ਆਰਥਿਕ ਲੋੜ ਵੀ ਹੈ।

# ਕਾਕਰੋਚ ਜਨਤਾ ਪਾਰਟੀ ਭਾਰਤੀ ਸੱਤਾ ਨੂੰ ਵੰਗਾਰ



ਗੁਰਮੀਤ ਸਿੰਘ ਬਖਤਪੁਰਾ

ਦੇਸ਼ ਦੀ ਸਭ ਤੋਂ ਉਚੀ ਅਦਾਲਤ ਵਿੱਚ ਭਾਰਤੀ ਸੰਵਿਧਾਨ ਦੀ ਸੁਗੰਧ ਚੁੱਕਣ ਬਾਅਦ ਨਿਆਂ ਦੀ ਡਿਊਟੀ ਉਪਰ ਬੈਠੇ ਮੁੱਖ ਜੱਜ ਜਸਟਿਸ ਸੂਰੀਆ ਕਾਂਤ ਨੇ ਇੱਕ ਕੇਸ ਦੀ ਸੁਣਵਾਈ ਕਰਦਿਆ ਦੇਸ਼ ਦੇ ਨੌਜਵਾਨਾਂ ਬਾਰੇ ਜੋ ਵੀ ਵਾਕਿਆ ਕਹੇ ਹਨ, ਉਹ ਅਚਾਨਕ ਮੂੰਹ 'ਚੋਂ ਨਿਕਲੇ ਸ਼ਬਦ ਨਹੀ ਹਨ, ਬਲਕਿ ਇਹ ਸ਼ਬਦ ਦੇਸ਼ ਦੀ ਹਰ ਪਖੋਂ ਗਰਕ ਚੁੱਕੀ ਪਿਛਾਖੜੀ ਸਤਾਧਾਰੀ ਪੂੰਜੀਵਾਦੀ ਜਮਾਤ ਦੀ ਆਮ ਜਨਤਾ ਪ੍ਰਤੀ ਨਫਰਤ ਦਾ ਜਮਾਤੀ ਪ੍ਰਤੀਕ ਹਨ।ਮੁੱਖ ਜੱਜ ਦਾ ਕਹਿਣਾ ਹੈ ਭਾਰਤੀ ਸਿਸਟਮ ਦੇ ਵਿਰੁੱਧ ਸੋਸ਼ਲ ਮੀਡੀਆ 'ਤੇ ਬੋਲਣ ਵਾਲੇ ਨੌਜਵਾਨ ਪਰਜੀਵੀ ਹਨ, ਭਾਵ ਦੂਸਰਿਆਂ ਦੇ ਸਹਾਰੇ ਜੀਣ ਯੋਗ ਅਤੇ ਕਾਕਰੋਚ ਹਨ, ਜਿਸ ਦਾ ਅਰਥ ਗੰਦਗੀ ਦੇ ਕੀੜੇ ਹੈ। ਮੁੱਖ ਜੱਜ ਦਾ ਇਹ ਕਿਹਾ ਸੱਚ ਹੈ ਕਿ ਭਾਰਤ ਦੇ ਬਹੁਗਿਣਤੀ ਲੋਕ ਗੰਦੇ ਸੀਵਰੇਜ ਦੇ ਤੁਲ ਚੱਲ ਰਹੇ ਭਾਰਤੀ ਸਿਸਟਮ ਵਿਚ ਜਿਊਣ ਲਈ ਮਜਬੂਰ ਹਨ, ਪਰ ਜੱਜ ਸਹਿਬ ਇਸ ਲਈ ਦੇਸ਼ ਦੇ ਆਮ ਨੌਜਵਾਨ ਜਾਂ ਲੋਕ ਜ਼ਿੰਮੇਵਾਰ ਨਹੀਂ, ਸਗੋਂ ਭਾਰਤ ਦਾ ਸਮੁੱਚੇ ਤੌਰ 'ਤੇ 8 ਦਹਾਕਿਆ ਤੋਂ ਚਲਾਇਆ ਜਾ ਰਿਹਾ ਆਰਥਿਕ, ਰਾਜਨੀਤਿਕ ਰਾਜ ਪ੍ਰਬੰਧ ਭਾਵ ਅੱਜ ਦੀ ਸਮੁੱਚੀ ਪੂੰਜੀਵਾਦੀ ਸੱਤਾ ਜ਼ੁਮੇਵਾਰ ਹੈ, ਜਿਸ ਨੂੰ ਬੇਤਹਾਸ਼ਾ ਗੰਦਲਾ ਕਰ ਦਿੱਤਾ ਹੈ ਮੋਦੀ-ਸ਼ਾਹ ਲਾਣੇ ਦੀ ਫਾਸ਼ੀਵਾਦ ਵਿਚਾਰਧਾਰਾ ਦੇ ਬੀਤੇ 12 ਸਾਲਾਂ ਦੀ ਰਾਜ ਸੱਤਾ ਦੇ ਫਾਸ਼ੀਵਾਦ ਅਮਲ ਨੇ।

ਦੇਸ਼ ਦੇ ਮੁੱਖ ਜੱਜ ਦੇ ਕਹੇ ਗਏ ਨਫਰਤ ਭਰੇ ਸ਼ਬਦਾਂ ਦੇ ਵਿਰੋਧ ਵਿੱਚ ਪੜ੍ਹਾਈ ਲਈ ਅਮਰੀਕਾ ਰਹਿ ਰਹੇ ਭਾਰਤੀ ਨੌਜਵਾਨ ਅਭੀਜੀਤ ਦੀਪਕੇ ਨੇ ਜਦੋਂ ਮੁੱਖ ਜੱਜ ਨੂੰ ਮੋੜਵਾਂ ਉਤਰ ਦਿੰਦਿਆਂ ਕਿਹਾ ਕਿ ਹਾਂ ਅਸੀਂ ਕਾਕਰੋਚ ਹਾਂ ਅਤੇ ਉਸ ਨੇ ਆਮ ਦੀ ਤਰਾਂ ਇਸ ਸਿਸਟਮ 'ਤੇ ਤਨਜ਼ ਕੱਸਦਿਆਂ ਆਪਣੇ ਇਨਸਟਾਗਰਾਮ ਹੈਂਡਲ 'ਤੇ ਰਾਜਨੀਤਕ ਨਾਹਰਾ ਲਿਖ ਦਿੱਤਾ ਕਿ ਸਾਡੇ ਕਾਕਰੋਚਾਂ ਦੀ ਬਣੇਗੀ ਕਾਕਰੋਚ ਜਨਤਾ ਪਾਰਟੀ ਤਾਂ ਇਕ ਦਮ ਭਾਰਤ ਦੇ ਨੌਜਵਾਨਾਂ ਦੇ ਗੁੱਸੇ ਦਾ ਗੁਭ-ਗੁਭਾਰ ਫੁੱਟ ਆਇਆ ਅਤੇ ਦੇਸ਼ ਦੇ ਕਰੋੜਾਂ ਨੌਜਵਾਨ ਅਭੀਜੀਤ ਦੇ ਇਨਸਟਾਗਰਾਮ ਅਕਾਊਂਟਸ ਵਿੱਚ ਸ਼ਾਮਲ ਹੋ ਗਏ। ਇਸ ਗੁੱਸੇ ਦਾ ਇਜ਼ਹਾਰ ਲਗਾਤਾਰ ਵਧਦਾ ਜਾ ਰਿਹਾ ਹੈ। ਨੀਟ ਦੇ ਲੀਕ ਹੋਏ ਪੇਪਰ ਦੇ ਸੁਆਲ 'ਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਨੌਜਵਾਨਾ ਵਲੋਂ ਕੇਂਦਰੀ ਸਿਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਉਠਾਇਆ ਹੈ।ਅਚਾਨਕ ਸੋਸ਼ਲ ਮੀਡੀਆ 'ਤੇ ਵਾਪਰੇ ਇਸ ਘਟਨਾਕ੍ਰਮ ਨਾਲ ਸਮੁੱਚੀਆਂ ਹਾਕਮ ਪਾਰਟੀਆਂ ਦੇ ਲਾਣੇ ਦੀ ਨੀਂਦ ਉਖੜੀ ਪਈ ਹੈ, ਉਹ ਬੋਲਣ ਤੋਂ ਅਸਮਰੱਥ ਹੋ ਗਏ ਹਨ, ਉਨ੍ਹਾਂ ਨੂੰ ਸਿਆਸੀ ਦੰਦਲਾਂ ਪੈ ਰਹੀਆਂ ਹਨ। ਉਹ ਚਿੰਤਤ ਹਨ ਕਿ ਜੇ ਨਵਾਂ ਵਰਤਾਰਾ ਵਾਪਰ ਗਿਆ ਤਾਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀਆਂ ਉੱਚੀਆਂ ਰਾਜਨੀਤਕ ਇੱਛਾਵਾਂ ਦੇ ਭਵਿੱਖ ਦਾ ਕੀ ਬਣੇਗਾ? ਦੇਸ ਅੰਦਰ ਹਿੰਦੂਤਵੀ ਸੱਤਾ ਸਰ ਕਰ ਲੈਣ ਵੱਲ ਬੜੀ ਤੇਜ਼ੀ ਨਾਲ ਵਧ ਰਿਹਾ ਆਰ ਐੱਸ ਐੱਸ ਅਤੇ ਭਾਜਪਾ ਨੂੰ ਸਾਫ ਦਿਸ ਰਿਹਾ ਹੈ ਕਿ ਉਸ ਦਾ ਹਿੰਦੂਤਵੀ ਰਾਸ਼ਟਰਵਾਦ ਦਾ ਹਥਿਆਰ ਫੇਸਬੁਕ 'ਤੇ ਕਰੋੜਾਂ ਨੌਜਵਾਨਾ ਵਲੋਂ ਪੇਸ਼ ਕੀਤੇ ਜਾ ਰਹੇ ਅਸਲੀ ਰਾਸ਼ਟਰਵਾਦ ਸਾਹਮਣੇ ਸਵਾਲੀਆ ਬਣ ਰਿਹਾ ਹੈ, ਮੋਦੀ ਸਰਕਾਰ ਨੌਜਵਾਨਾਂ ਦੇ ਇਸ ਸਿਆਸੀ ਬੁਲੇ ਤੋਂ ਏਨਾ ਡਰ ਗਈ ਹੈ ਕਿ ਫੇਸਬੁਕ ਤੋਂ ਨੌਜਵਾਨਾਂ ਦੇ ਇਸ ਗਰੁੱਪ ਨੂੰ ਹਟਾਉਣ ਅਤੇ ਉਨ੍ਹਾਂ ਦਾ ਰਾਹ ਰੋਕਣ ਲਈ ਹਰ ਤਰਾਂ ਦੀ ਤਾਕਤ ਵਰਤੀ ਜਾ ਰਹੀ ਹੈ।ਬੇਸ਼ੱਕ ਇਸ ਨਵੇ ਉਭਰ ਰਹੇ ਰਾਸ਼ਟਰਵਾਦ ਦੀ ਲਹਿਰ ਦਾ ਭਵਿੱਖ ਅਜੇ ਧੁੰਧਲਕਾ ਲੱਗ ਰਿਹਾ ਹੋਵੇ, ਪਰ ਅਚਨਚੇਤੀ ਉਠੀ ਨੌਜਵਾਨਾਂ ਦੀ ਅਗਵਾਈ ਵਾਲੀ ਇਸ ਤੇਜ਼ ਹਵਾ ਨੇ ਸਪੱਸ਼ਟ ਤੌਰ 'ਤੇ ਸਮਾਜ ਨੂੰ ਦਸਤਕ ਦੇ ਦਿੱਤੀ ਹੈ ਕਿ ਭਾਰਤ ਦਾ ਲੋਕਤੰਤਰ ਕਿਸੇ ਧਰਮ ਜਾਂ ਕਿਸੇ ਵਿਸ਼ੇਸ਼ ਵਿਅਕਤੀ ਦੀ ਜਗੀਰ ਨਹੀਂ ਕਿ ਉਹ ਜਿਸ ਤਰਾਂ ਚਾਹੇ, ਉਸ ਤਰਾਂ ਦੇਸ਼ ਨੂੰ ਚਲਾਏਗਾ? ਦੇਰ ਸਵੇਰ ਦੇਸ਼ ਦੀ ਮੌਜੂਦਾ ਰਾਜਨੀਤਕ ਤਸਵੀਰ ਇਸ ਪਾਸੇ ਨੂੰ ਹੀ ਕਰਵਟ ਲਵੇਗੀ।ਦੇਸ਼ ਅੰਦਰ ਕਿਸਾਨੀ ਸੰਘਰਸ਼ਾਂ ਤੋਂ ਬਾਅਦ ਨੌਜਵਾਨਾਂ ਅਤੇ ਸਨਅਤੀ ਮਜ਼ਦੂਰਾਂ ਦਾ ਸੱਤਾ ਵਿਰੁੱਧ ਸੜਕਾਂ 'ਤੇ ਆਉਣਾ ਇਸ ਦਾ ਸਪੱਸ਼ਟ ਸੰਕੇਤ ਹੈ।




ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਬੜੀ ਹੀ ਬੇਸ਼ਰਮੀ ਨਾਲ ਦੇਸ਼ ਦੀ ਜਨਤਾ ਨੂੰ ਦੇਸ਼ ਦੀ ਮੁੱਖ ਸਮੱਸਿਆ ਹਿੰਦੂ ਮੁਸਲਮਾਨ, ਮੰਦਰ-ਮਸਜਿਦ ਅਤੇ ਭਾਰਤ-ਪਾਕਿਸਤਾਨ ਨੂੰ ਦਰਸਾ ਰਹੀ ਹੈ, ਹੁਣ ਕਾਕਰੋਚ ਨਾਹਰੇ ਪਿਛੇ ਵੀ ਪਾਕਿਸਤਾਨ ਦਾ ਹੱਥ ਹੋਣ ਦਾ ਪ੍ਰਚਾਰ ਸ਼ੁਰੂ ਹੋ ਗਿਆ ਹੈ, ਪਰ ਆਖਰ ਦੇਸ਼ ਦੀ ਜਵਾਨੀ ਨੇ ਫਾਸ਼ਿਸਟ ਸੱਤਾਧਾਰੀਆਂ ਦੀਆਂ ਇਨ੍ਹਾਂ ਦੇਸ਼ ਅਤੇ ਲੋਕ ਵਿਰੋਧੀ ਸਾਜ਼ਿਸ਼ਾਂ ਨੂੰ ਹੀ ਚੈਲੰਜ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਸਾਡੀ ਸਮੱਸਿਆ ਰੋਜ਼ਗਾਰ ਹੈ, ਹਰ ਤਰ੍ਹਾਂ ਦਾ ਭਰਿਸ਼ਟਾਚਾਰ, ਮਹਿੰਗਾਈ, ਲੁੱਟ ਅਤੇ ਰਾਜਨੀਤੀ ਵਿੱਚ ਭਾਈ-ਭਤੀਜਾਵਾਦ ਦਾ ਖਾਤਮਾ ਹੈ।ਨੌਜਵਾਨਾਂ ਦੀ ਇਸ ਲਹਿਰ ਨੇ ਕਮਿਊਨਿਸਟਾਂ ਅਤੇ ਖੱਬੇ ਪੱਖੀ ਲਹਿਰ ਦੇ ਉਨ੍ਹਾਂ ਅਲੋਚਕਾ ਦਾ ਵੀ ਮੂੰਹ ਬੰਦ ਕੀਤਾ ਹੈ, ਜਿਨ੍ਹਾਂ ਦਾ ਦਾਅਵਾ ਹੈ ਕਿ ਦੇਸ਼ ਵਿੱਚ ਖੱਬੇ ਪੱਖੀ ਲਹਿਰ ਸੁੰਗੜ ਰਹੀ ਹੈ ਅਤੇ ਉਹ ਗਈ ਗੁਜ਼ਰੀ ਹੋ ਚੁੱਕੀ ਹੈ। ਬੇਸ਼ੱਕ ਫੇਸਬੁਕ 'ਤੇ ਸਾਹਮਣੇ ਆਇਆ ਨੌਜਵਾਨਾਂ ਦਾ ਪਨਪਿਆ ਵਿਸ਼ਾਲ ਵਿਰੋਧ ਕੋਈ ਕਮਿਊਨਿਸਟਾਂ ਦੀ ਅਗਵਾਈ ਵਿੱਚ ਵਿਰੋਧ ਨਹੀਂ, ਪਰ ਇਹ ਖੱਬੇ ਪੱਖ ਦੀ ਲਹਿਰ ਹੈ, ਸਮੇਂ ਦੀ ਸੱਤਾ ਦੀਆ ਨੀਤੀਆ ਨੂੰ ਚੈਲੰਜ ਕਰਨ ਵਾਲੇ ਵਿਅਕਤੀਆ ਦੇ ਵਿਚਾਰਾਂ ਨੂੰ ਹੀ ਇਤਿਹਾਸ ਨੇ ਖੱਬੇ ਪੱਖੀਆਂ ਦਾ ਨਾਂਅ ਦਿਤਾ ਸੀ, ਕਿਉਂਕਿ ਮਨੁੱਖੀ ਕ੍ਰਾਂਤੀਆਂ ਦੇ ਇਤਿਹਾਸ ਵਿੱਚ ਮੁਖ ਤੌਰ 'ਤੇ ਕਮਿਊਨਿਸਟ ਅਤੇ ਖੱਬੇ ਪੱਖੀ ਹੀ ਸਮੇਂ ਦੀ ਸੱਤਾ ਨੂੰ ਵੰਗਾਰਨ ਵਾਲੀ ਸ਼ਕਤੀ ਰਹੇ ਹਨ।

ਬੇਸ਼ੱਕ ਕੁਝ ਚਲਾਕ ਲੋਕਾਂ ਅਤੇ ਹਾਕਮ ਜਮਾਤਾਂ ਦੇ ਦੱਲਿਆਂ ਵੱਲੋਂ ਇਹ ਸੁਆਲ ਉਠਾਏ ਜਾ ਰਹੇ ਹਨ ਕਿ ਇਸ ਵਰਤਾਰੇ ਪਿਛੇ ਕੋਈ ਸਾਜ਼ਿਸ਼ ਹੈ? ਇਹ ਵਰਤਾਰਾ ਫੇਸਬੁਕ ਦਾ ਥੋੜ੍ਹਚਿਰਾ ਝਲਪੁਣਾ ਹੈ।ਇਹ ਕੋਈ ਸਾਜ਼ਿਸ਼ ਹੋਵੇ ਜਾਂ ਨਾ, ਇਹ ਗੱਲ ਮਹੱਤਵ ਨਹੀਂ ਰੱਖਦੀ, ਇਹ ਵੀ ਮਹੱਤਤਾ ਨਹੀ ਰਖਦਾ ਕਿ ਕਾਕਰੋਚ ਲਹਿਰ ਦਾ ਭਵਿੱਖ ਕੀ ਹੋਵੇਗਾ, ਮਹੱਤਵਪੂਰਨ ਇਹ ਹੈ ਕਿ ਇਸ ਵਰਤਾਰੇ ਨੇ ਹਾਕਮ ਜਮਾਤਾਂ ਨੂੰ ਦਿਖਾ ਦਿੱਤਾ ਹੈ ਕਿ ਦੇਸ਼ ਦਾ ਅਵਾਮ ਖਾਸ ਕਰ ਦੇਸ਼ ਦੇ ਨੌਜਵਾਨ ਕੀ ਸੋਚਦੇ ਤੇ ਕੀ ਲੋਚਦੇ ਹਨ।ਸੋਸ਼ਲ ਮੀਡੀਆ 'ਤੇ ਸਾਡੇ ਕਰੋੜਾਂ ਨੌਜਵਾਨਾਂ ਨੇ ਉਸ ਸਿਸਟਮ ਨੂੰ ਬਦਲਣ ਲਈ ਵੰਗਾਰ ਦਿੱਤੀ ਹੈ, ਜਿਸ ਸਿਸਟਮ ਨੂੰ ਹੁਣ ਮੋਦੀ ਸਰਕਾਰ ਚਲਾ ਰਹੀ ਹੈ।ਇਹ ਮੋਦੀ ਦਾ ਸਿਸਟਮ ਹੀ ਹੈ, ਜਿਥੇ ਬਿਨਾਂ ਕੋਈ ਕੇਸ ਚਲਾਏ ਸਰਜ਼ੀਲ ਇਮਾਮ ਅਤੇ ਉਮਰ ਖਾਲਿਦ ਸਮੇਤ ਦੇਸ਼ ਦੇ ਸੈਂਕੜੇ ਘੱਟ ਗਿਣਤੀ ਵਰਗਾਂ ਨਾਲ ਸੰਬੰਧਤ ਅਤੇ ਵਿਰੋਧੀ ਵਿਚਾਰਾਂ ਵਾਲੇ ਨੌਜਵਾਨਾ ਨੂੰ ਨਜ਼ਰਬੰਦੀ ਕਨੂੰਨਾਂ ਤਹਿਤ ਜੇਲੀਂ ਡੱਕਿਆ ਹੋਇਆ ਹੈ।ਝੂਠੇ ਪੁਲਸ ਮੁਕਾਬਲੇ ਇਸ ਸੱਤਾ ਦਾ ਆਮ ਅਧਿਕਾਰ ਹੈ।

ਦੇਸ਼ ਦੀ ਜਨਤਾ ਸਾਹਮਣੇ ਪ੍ਰਤੱਖ ਵਾਪਰ ਰਿਹਾ ਹੈ ਕਿ 2024 ਦੀਆ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਬਹੁਮਤ ਦੇ ਅੰਕੜੇ ਤੱਕ ਨਾਂ ਪਹੁੰਚ ਸਕਣ ਤੋਂ ਬਾਅਦ ਹੁਣ ਜੋ ਚੋਣ ਮਸ਼ੀਨਰੀ ਤਿਆਰ ਕਰ ਚੁੱਕੀ ਹੈ, ਉਸ ਦਾ ਮੁਕਾਬਲਾ ਸ਼ਾਇਦ ਹੀ ਮੌਜੂਦਾ ਚੋਣ ਪ੍ਰਣਾਲੀ ਦੇ ਢੰਗਾਂ ਰਾਹੀਂ ਕਰਨਾ ਸੰਭਵ ਹੋਵੇ।ਇਹ ਚੋਣ ਮਸ਼ੀਨਰੀ ਭਾਜਪਾ ਦੀ ਹਰ ਚੋਣ ਵਿੱਚ ਪੱਕੀ ਜਿੱਤ ਦੀ ਗਰੰਟੀ ਹੈ।ਮੌਜੂਦਾ ਰਾਜਨੀਤਕ ਸਥਿਤੀ ਵਿਚ ਮੋਦੀ ਸਰਕਾਰ ਦੀ ਇਸ ਚੋਣ ਮਸ਼ੀਨਰੀ ਵਿਰੁੱਧ ਇਕ ਵਿਸ਼ਾਲ ਲੋਕ ਅੰਦੋਲਨ ਖੜਾ ਕਰਕੇ ਹੀ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਇਆ ਜਾ ਸਕਦਾ ਹੈ।

2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਮੋਦੀ ਦੀ ਇਸ ਚੋਣ ਮਸ਼ੀਨਰੀ ਨੇ ਉੜੀਸ਼ਾ, ਹਰਿਆਣਾ, ਮਹਾਰਾਸ਼ਟਰ, ਬਿਹਾਰ, ਅਸਾਮ ਅਤੇ ਪੱਛਮੀ ਬੰਗਾਲ ਦੀਆਂ ਸਰਕਾਰਾਂ 'ਤੇ ਕਬਜ਼ੇ ਕਰਨ ਤੋਂ ਬਾਅਦ ਉਤਰ ਪ੍ਰਦੇਸ਼, ਉਤਰਾਖੰਡ ਅਤੇ ਪੰਜਾਬ ਵੱਲ ਮੂੰਹ ਕਰ ਲਿਆ ਹੈ।

# ਸੰਪਰਕ: 98142-90163

# ਆਨਲਾਈਨ ਦੁਨੀਆ ਵਿੱਚ ਆਫਲਾਈਨ ਰਿਸ਼ਤੇ

ਜਸਵਿੰਦਰ ਪਾਲ ਸ਼ਰਮਾ

ਅੱਜ ਦਾ ਸਮਾਂ ਵਿਗਿਆਨ ਅਤੇ ਤਕਨਾਲੋਜੀ ਦੇ ਅਦਭੁਤ ਵਿਕਾਸ ਦਾ ਸਮਾਂ ਹੈ। ਮਨੁੱਖ ਨੇ ਆਪਣੀ ਬੁੱਧੀ ਅਤੇ ਮਿਹਨਤ ਨਾਲ ਅਜਿਹੀਆਂ ਕਈ ਖੋਜਾਂ ਕਰ ਲਈਆਂ ਹਨ, ਜਿਨ੍ਹਾਂ ਦੁਨੀਆ ਨੂੰ ਬਹੁਤ ਛੋਟਾ ਬਣਾ ਦਿੱਤਾ ਹੈ। ਮੋਬਾਇਲ ਫੋਨ, ਇੰਟਰਨੈੱਟ, ਵੀਡੀਓ ਕਾਲ ਅਤੇ ਸੋਸ਼ਲ ਮੀਡੀਆ ਰਾਹੀਂ ਅਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਵਿਅਕਤੀ ਨਾਲ ਪਲਾਂ ਵਿੱਚ ਜੁੜ ਸਕਦੇ ਹਾਂ। ਅੱਜ ਅਸੀਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਵਿਅਕਤੀ ਨੂੰ ਦੇਖ ਵੀ ਸਕਦੇ ਹਾਂ ਅਤੇ ਉਸ ਦੀ ਆਵਾਜ਼ ਵੀ ਸੁਣ ਸਕਦੇ ਹਾਂ। ਇਹ ਮਨੁੱਖੀ ਤਰੱਕੀ ਦੀ ਵੱਡੀ ਉਪਲੱਬਧੀ ਹੈ, ਪਰ ਦੂਜੇ ਪਾਸੇ ਇਹ ਵੀ ਇੱਕ ਕੌੜਾ ਸੱਚ ਹੈ ਕਿ ਜਿਵੇਂ-ਜਿਵੇਂ ਤਕਨਾਲੋਜੀ ਵਧੀ ਹੈ, ਮਨੁੱਖ ਦੇ ਅੰਦਰ ਦੀ ਸੰਵੇਦਨਸ਼ੀਲਤਾ ਘਟਦੀ ਜਾ ਰਹੀ ਹੈ। ਅਸੀਂ ਦੂਰ ਬੈਠਿਆਂ ਨਾਲ ਜੁੜ ਗਏ ਹਾਂ, ਪਰ ਆਪਣੇ ਨੇੜੇ ਬੈਠੇ ਲੋਕਾਂ ਤੋਂ ਦੂਰ ਹੋ ਗਏ ਹਾਂ।

ਅੱਜ ਹਰ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਏਨਾ ਵਿਅਸਤ ਹੋ ਗਿਆ ਹੈ ਕਿ ਉਸ ਦੇ ਕੋਲ ਆਪਣੇ ਪਰਵਾਰ ਅਤੇ ਸਮਾਜ ਲਈ ਸਮਾਂ ਨਹੀਂ ਬਚਿਆ। ਘਰਾਂ ਵਿੱਚ ਇੱਕੋ ਕਮਰੇ ਵਿੱਚ ਬੈਠੇ ਲੋਕ ਵੀ ਆਪਸ ਵਿੱਚ ਗੱਲ ਕਰਨ ਦੀ ਬਜਾਏ ਮੋਬਾਇਲ ਦੀ ਸਕਰੀਨ ਵਿੱਚ ਗੁੰਮੇ ਰਹਿੰਦੇ ਹਨ। ਇੱਕ ਸਮਾਂ ਸੀ ਜਦੋਂ ਲੋਕ ਇਕੱਠੇ ਬੈਠ ਕੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਸਨ, ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਹਿੱਸਾ ਪਾਂਦੇ ਸਨ ਅਤੇ ਰਿਸ਼ਤਿਆਂ ਦੀ ਗਰਮੀ ਮਹਿਸੂਸ ਹੁੰਦੀ ਸੀ, ਪਰ ਅੱਜ ਰਿਸ਼ਤੇ ਸਿਰਫ਼ ਆਨਲਾਈਨ ਰਹਿ ਗਏ ਹਨ। ਲਾਈਕ ਅਤੇ ਕੁਮੈਂਟ ਨੂੰ ਪਿਆਰ ਅਤੇ ਸਹਿਯੋਗ ਸਮਝਿਆ ਜਾਣ ਲੱਗ ਪਿਆ ਹੈ।

ਇਹ ਗੱਲ ਬਹੁਤ ਚਿੰਤਾਜਨਕ ਹੈ ਕਿ ਅਸੀਂ ਸੋਸ਼ਲ ਮੀਡੀਆ 'ਤੇ ਕਿਸੇ ਅਣਜਾਣ ਵਿਅਕਤੀ ਦੀ ਤਸਵੀਰ ਦੇਖ ਕੇ ਉਸ ਦੇ ਲਈ ਹਮਦਰਦੀ ਜ਼ਾਹਿਰ ਕਰ ਦਿੰਦੇ ਹਾਂ, ਪਰ ਆਪਣੇ ਕੋਲ ਬੈਠੇ ਵਿਅਕਤੀ ਦੀਆਂ ਅੱਖਾਂ ਵਿੱਚ ਛੁਪੇ ਹੰਝੂ ਨਹੀਂ ਦੇਖ ਪਾਂਦੇ। ਕਈ ਵਾਰ ਸਾਡੇ ਆਪਣੇ ਦੋਸਤ, ਮਾਤਾ-ਪਿਤਾ ਜਾਂ ਬੱਚੇ ਅੰਦਰੋਂ ਟੁੱਟ ਰਹੇ ਹੁੰਦੇ ਹਨ, ਪਰ ਅਸੀਂ ਉਹਨਾਂ ਦੀ ਚੁੱਪ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਮਨੁੱਖ ਦੇ ਕੋਲ ਅੱਜ ਦੁਨੀਆ ਨਾਲ ਜੁੜਨ ਦੇ ਸਾਰੇ ਸਾਧਨ ਹਨ, ਪਰ ਆਪਣੇ ਨੇੜੇ ਬੈਠੇ ਮਨੁੱਖ ਨਾਲ ਦਿਲੀ ਰਿਸ਼ਤਾ ਬਣਾਉਣ ਦਾ ਸਮਾਂ ਨਹੀਂ।

ਤਰੱਕੀ ਦਾ ਅਸਲ ਮਤਲਬ ਸਿਰਫ਼ ਮਸ਼ੀਨਾਂ, ਇਮਾਰਤਾਂ ਜਾਂ ਆਧੁਨਿਕ ਸਾਧਨਾਂ ਦਾ ਵਿਕਾਸ ਨਹੀਂ ਹੁੰਦਾ। ਅਸਲ ਤਰੱਕੀ ਉਹ ਹੁੰਦੀ ਹੈ, ਜਿੱਥੇ ਮਨੁੱਖਤਾ, ਦਇਆ, ਪਿਆਰ ਅਤੇ ਸਹਿਯੋਗ ਵੀ ਵਧੇ। ਜੇਕਰ ਤਕਨਾਲੋਜੀ ਮਨੁੱਖ ਨੂੰ ਇਕੱਲਾ ਕਰ ਦੇਵੇ, ਰਿਸ਼ਤਿਆਂ ਵਿੱਚ ਦੂਰੀ ਪੈਦਾ ਕਰ ਦੇਵੇ ਅਤੇ ਮਨੁੱਖੀ ਭਾਵਨਾਵਾਂ ਨੂੰ ਖਤਮ ਕਰ ਦੇਵੇ, ਤਾਂ ਇਹ ਤਰੱਕੀ ਅਧੂਰੀ ਹੈ। ਅੱਜ ਅਸੀਂ ਆਪਣੇ ਮੋਬਾਇਲ ਫੋਨ ਨੂੰ ਚਾਰਜ ਕਰਨਾ ਨਹੀਂ ਭੁੱਲਦੇ, ਪਰ ਰਿਸ਼ਤਿਆਂ ਨੂੰ ਸਮਾਂ ਦੇਣਾ ਭੁੱਲਦੇ ਜਾ ਰਹੇ ਹਾਂ।

ਸਮਾਜ ਵਿੱਚ ਵਧ ਰਹੀ ਇਕੱਲੇਪਨ ਦੀ ਭਾਵਨਾ ਇਸ ਨਿਘਾਰ ਦਾ ਸਭ ਤੋਂ ਵੱਡਾ ਸਬੂਤ ਹੈ। ਲੋਕਾਂ ਦੇ ਕੋਲ ਹਜ਼ਾਰਾਂ ਫਾਲੋਅਰ ਹਨ, ਪਰ ਦਿਲ ਦੀ ਗੱਲ ਸੁਣਨ ਵਾਲਾ ਇੱਕ ਵੀ ਸੱਚਾ ਦੋਸਤ ਨਹੀਂ। ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਦੀ ਚਮਕ ਵਿੱਚ ਆਪਣੀ ਅਸਲੀ ਜ਼ਿੰਦਗੀ ਤੋਂ ਦੂਰ ਹੁੰਦੀ ਜਾ ਰਹੀ ਹੈ। ਲੋਕ ਇਕੱਠੇ ਬੈਠ ਕੇ ਵੀ ਮੋਬਾਇਲ ਵਿੱਚ ਰੁਝੇ ਰਹਿੰਦੇ ਹਨ। ਘਰਾਂ ਵਿੱਚ ਗੱਲਬਾਤ ਘਟ ਰਹੀ ਹੈ ਅਤੇ ਚੁੱਪ ਵਧ ਰਹੀ ਹੈ। ਇਹ ਚੁੱਪ ਰਿਸ਼ਤਿਆਂ ਵਿੱਚ ਆ ਰਹੀ ਦੂਰੀ ਦਾ ਸੰਕੇਤ ਹੈ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਤਕਨਾਲੋਜੀ ਗਲਤ ਹੈ। ਤਕਨਾਲੋਜੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਬਹੁਤ ਆਸਾਨ ਬਣਾਇਆ ਹੈ। ਸਿੱਖਿਆ, ਸਿਹਤ, ਵਪਾਰ ਅਤੇ ਸੰਚਾਰ ਦੇ ਖੇਤਰ ਵਿੱਚ ਇਸ ਨੇ ਬੇਮਿਸਾਲ ਯੋਗਦਾਨ ਦਿੱਤਾ ਹੈ, ਪਰ ਸਮੱਸਿਆ ਤਦ ਪੈਦਾ ਹੁੰਦੀ ਹੈ ਜਦੋਂ ਮਨੁੱਖ ਤਕਨਾਲੋਜੀ ਦਾ ਗੁਲਾਮ ਬਣ ਜਾਂਦਾ ਹੈ ਅਤੇ ਆਪਣੇ ਅਸਲੀ ਰਿਸ਼ਤਿਆਂ ਨੂੰ ਭੁੱਲ ਜਾਂਦਾ ਹੈ। ਸਾਨੂੰ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ, ਪਰ ਇਸ ਨੂੰ ਆਪਣੀ ਜ਼ਿੰਦਗੀ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਨੇੜੇ ਬੈਠੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝੀਏ। ਕਿਸੇ ਦੇ ਚਿਹਰੇ 'ਤੇ ਉਦਾਸੀ ਵੇਖ ਕੇ ਉਸ ਦਾ ਹਾਲ ਪੁੱਛਣਾ, ਦੁੱਖ ਵਿੱਚ ਉਸ ਦਾ ਸਾਥ ਦੇਣਾ ਅਤੇ ਉਸ ਨੂੰ ਹੌਸਲਾ ਦੇਣਾ ਹੀ ਅਸਲ ਮਨੁੱਖਤਾ ਹੈ। ਜੇਕਰ ਅਸੀਂ ਸਿਰਫ਼ ਮਸ਼ੀਨਾਂ ਨਾਲ ਜੁੜ ਕੇ ਮਨੁੱਖਾਂ ਤੋਂ ਦੂਰ ਹੋ ਜਾਵਾਂਗੇ, ਤਾਂ ਸਮਾਜ ਦੀ ਰੂਹ ਖਤਮ ਹੋ ਜਾਵੇਗੀ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਤਰੱਕੀ ਅਤੇ ਮਨੁੱਖਤਾ ਦਾ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਅਸੀਂ ਵਿਗਿਆਨਕ ਤੌਰ 'ਤੇ ਭਾਵੇਂ ਕਿੰਨੇ ਵੀ ਅੱਗੇ ਨਿਕਲ ਜਾਈਏ, ਪਰ ਜੇ ਸਾਡੇ ਅੰਦਰ ਦਇਆ, ਪਿਆਰ ਅਤੇ ਸੰਵੇਦਨਾ ਨਹੀਂ ਰਹੇਗੀ, ਤਾਂ ਇਹ ਤਰੱਕੀ ਬੇਮਾਇਨੇ ਹੋ ਜਾਵੇਗੀ। ਅਸਲ ਵਿਕਾਸ ਉਹ ਹੈ, ਜਿੱਥੇ ਤਕਨਾਲੋਜੀ ਦੇ ਨਾਲ-ਨਾਲ ਮਨੁੱਖੀ ਮੁੱਲ ਵੀ ਜਿਉਂਦੇ ਰਹਿਣ।

# ਸੰਪਰਕ : 79860-27454

# ਰਾਸ਼ਟਰ ਨਿਰਮਾਣ 'ਚ ਜਨਗਣਨਾ ਦੀ ਭੂਮਿਕਾ



ਡਾ. ਸਤਿੰਦਰ ਸਿੰਘ

ਪੂਰੇ ਭਾਰਤ ਦੇਸ਼ ਦੇ 28 ਪ੍ਰਦੇਸ਼ਾਂ ਅਤੇ 08 ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਮਰਦਮਸ਼ੁਮਾਰੀ ਅਰਥਾਤ ਜਨ ਗਣਨਾ ਦੇ ਪਹਿਲੇ ਪੜਾਅ ਦਾ ਕੰਮ ਵਿਧੀਵਤ ਤਰੀਕੇ ਨਾਲ ਕੇਂਦਰੀ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਹੇਠ ਰਾਜ ਸਰਕਾਰਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਸ਼ੁਰੂ ਹੋ ਚੁੱਕਿਆ ਹੈ। ਜਨ ਗਣਨਾ ਸਿਰਫ ਦੇਸ਼ ਦੀ ਜਨਸੰਖਿਆ ਸੰਬੰਧੀ ਅੰਕੜੇ ਇਕੱਠੇ ਕਰਨ ਦੀ ਪ੍ਰਕਿਰਿਆ ਹੀ ਨਹੀਂ, ਬਲਕਿ ਦੇਸ਼ ਦੇ ਸਮੁੱਚੇ ਵਿਕਾਸ ਲਈ ਯੋਜਨਾਬੰਦੀ, ਰਾਸ਼ਟਰ ਨਿਰਮਾਣ ਅਤੇ ਭਵਿੱਖ ਦੀ ਦਿਸ਼ਾ ਨਿਰਧਾਰਿਤ ਕਰਨ ਵਾਲੀ ਬੇਹੱਦ ਮਹੱਤਵਪੂਰਨ ਰਾਸ਼ਟਰੀ ਮੁਹਿੰਮ ਹੈ।

ਪੰਜਾਬ ਰਾਜ ਵਿੱਚ 67 ਹਜ਼ਾਰ ਤੋਂ ਵੱਧ ਸਰਕਾਰੀ ਕਰਮਚਾਰੀ ਬਤੌਰ ਗਿਣਤੀਕਾਰ ਅਤੇ ਸੁਪਰਵਾਈਜ਼ਰ ਇਸ ਕੰਮ 'ਤੇ ਲਗਾਏ ਗਏ ਹਨ। ਜਨ ਗਣਨਾ ਦੇ ਕੰਮ ਵਿੱਚ ਲੱਗੇ ਗਿਣਤੀਕਾਰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਘਰ-ਘਰ ਜਾ ਕੇ ਅੰਕੜੇ ਇਕੱਠੇ ਕਰ ਰਹੇ ਹਨ। ਆਧੁਨਿਕ ਦੌਰ ਵਿੱਚ ਵਧਦੇ ਸਾਈਬਰ ਕ੍ਰਾਈਮ ਅਤੇ ਡਿਜੀਟਲ ਧੋਖਾਧੜੀ ਦੇ ਕਾਰਨ ਆਮ ਲੋਕ ਆਪਣੇ ਸਬੰਧੀ ਮਹੱਤਵਪੂਰਨ ਜਾਣਕਾਰੀ ਦੇਣ ਤੋਂ ਗੁਰੇਜ਼ ਕਰਦੇ ਹਨ, ਜਦ ਕਿ ਜਨ ਗਣਨਾ ਦੀ ਸਫਲਤਾ ਲੋਕਾਂ ਵੱਲੋਂ ਦਿੱਤੀ ਉਚਿਤ ਜਾਣਕਾਰੀ 'ਤੇ ਹੀ ਨਿਰਭਰ ਕਰਦੀ ਹੈ।ਜਨ ਗਣਨਾ ਦੀ ਚਲਦੀ ਪ੍ਰਕਿਰਿਆ ਦੌਰਾਨ ਆਮ ਨਾਗਰਿਕ ਨੂੰ ਇਹ ਵਿਸ਼ਵਾਸ ਦਿਵਾਉਣਾ ਕਿ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ ਅਤੇ ਇਸ ਦੀ ਵਰਤੋਂ ਸਿਰਫ ਅੰਕੜਾਗਤ ਉਦੇਸ਼ਾਂ ਲਈ ਹੀ ਕੀਤੀ ਜਾਂਦੀ ਹੈ। ਇਸ ਸਬੰਧੀ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਵੱਡੀ ਜਰੂਰਤ ਹੈ। ਜਨ ਗਣਨਾ ਤੋਂ ਭਾਵ ਦੇਸ਼ ਦੀ ਸਮੁੱਚੀ ਆਬਾਦੀ ਸਬੰਧੀ ਵਿਸਤ੍ਰਿਤ ਸੂਚਨਾ ਇਕੱਠੀ ਕਰਨਾ ਹੈ। ਦੇਸ਼ ਵਿੱਚ ਜਨਗਣਨਾ ਦੀ ਪ੍ਰਕਿਰਿਆ ਦੇਸ਼ ਦੇ ਉਜਵਲ ਭਵਿੱਖ ਅਤੇ ਸੁਚੱਜੇ ਵਿਕਾਸ ਲਈ ਬੇਹੱਦ ਮਹੱਤਵਪੂਰਨ ਮੰਨੀ ਜਾਂਦੀ ਹੈ। ਜਨ ਗਣਨਾ ਤੋਂ ਭਾਵ ਸਿਰਫ ਦੇਸ਼ ਦੀ ਕੁੱਲ ਜਨ ਸੰਖਿਆ ਦਾ ਹੀ ਪਤਾ ਨਹੀਂ ਚੱਲਦਾ, ਬਲਕਿ ਦੇਸ਼ ਦੀ ਕੁੱਲ ਆਬਾਦੀ ਨਾਲ ਸੰਬੰਧਤ ਸਮਾਜਿਕ, ਆਰਥਿਕ, ਬੁਨਿਆਦੀ ਢਾਂਚੇ ਅਤੇ ਆਮ ਲੋਕਾਂ ਦੇ ਰਹਿਣ-ਸਹਿਣ, ਉਮਰ, ਕੰਮਕਾਜ, ਸਿੱਖਿਆ, ਮਾਂ ਬੋਲੀ, ਧਰਮ, ਜਾਤੀ ,ਲਿੰਗ , ਅਪਾਹਜਤਾ ,ਪ੍ਰਵਾਸ, ਮਕਾਨ ਦੀ ਸਥਿਤੀ ਅਤੇ ਹੋਰ ਲੋੜੀਂਦੇ ਅੰਕੜਿਆਂ ਦੀ ਵੱਡਮੁੱਲੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।

ਭਾਰਤ ਦੀ ਜਨਗਣਨਾ ਦੁਨੀਆ ਦੀ ਸਭ ਤੋਂ ਵੱਡੀ ਪ੍ਰਸ਼ਾਸਨਿਕ ਅਤੇ ਸੰਖਿਅਕ ਕੰਮਾਂ ਵਿੱਚੋਂ ਇੱਕ ਹੈ। ਭਾਰਤ ਪੂਰੇ ਵਿਸ਼ਵ ਦੇ ਖੇਤਰਫਲ ਦਾ 2.4% ਹਿੱਸਾ ਹੈ, ਜਦ ਕਿ ਆਬਾਦੀ ਪੱਖੋਂ 17.5% ਹਿੱਸਾ ਹੈ। ਅਰਥਾਤ ਵਿਸ਼ਵ ਦਾ ਹਰ ਛੇਵਾਂ ਵਿਅਕਤੀ ਭਾਰਤੀ ਹੈ। ਇਹ ਪ੍ਰਕਿਰਿਆ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਸਰਕਾਰ ਵੇਲੇ 1865 ਤੋਂ 1872 ਦੌਰਾਨ ਸ਼ੁਰੂ ਕੀਤੀ ਗਈ ਸੀ। ਸੰਨ 1881 ਵਿੱਚ ਸੰਪੂਰਨ ਜਨਗਣਨਾ ਕੀਤੀ ਗਈ। ਆਜ਼ਾਦ ਭਾਰਤ ਵਿੱਚ ਇਹ ਪਹਿਲੀ ਵਾਰ 1951 ਵਿੱਚ ਦੇਸ਼ ਦੇ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਹੇਠ ਜਨ ਗਣਨਾ ਕਾਨੂੰਨ 1948 ਅਧੀਨ ਕਰਵਾਈ ਗਈ। ਉਸ ਸਮੇਂ ਦੇਸ਼ ਦੀ ਕੁੱਲ ਆਬਾਦੀ 36.1 ਕਰੋੜ ਸੀ। ਦੇਸ਼ ਦੀ ਪਿਛਲੀ ਜਨ ਗਣਨਾ 2011 ਵਿੱਚ ਕਰਵਾਈ ਗਈ, ਜਿਸ ਅਨੁਸਾਰ ਦੇਸ਼ ਦੀ ਆਬਾਦੀ 121 ਕਰੋੜ ਦੇ ਕਰੀਬ ਸੀ। ਕੋਵਿਡ -19 ਦੇ ਕਾਰਨ ਦੇਸ਼ ਦੀ ਜਨਗਣਨਾ ਦਾ ਕੰਮ 2021 ਵਿੱਚ ਸ਼ੁਰੂ ਨਹੀਂ ਹੋ ਸਕਿਆ।

ਹੁਣ ਭਾਰਤ ਦੇਸ਼ ਦੀ 16ਵੀਂ ਅਤੇ ਅਜ਼ਾਦ ਭਾਰਤ ਦੀ 8ਵੀਂ ਜਨ ਗਣਨਾ ਦੀ ਪ੍ਰਕਿਰਿਆ ਦਾ ਪਹਿਲਾ ਪੜਾਅ ਅਪ੍ਰੈਲ 2026 ਤੋਂ ਸ਼ੁਰੂ ਹੋ ਚੁੱਕਿਆ ਹੈ। ਦੂਸਰੇ ਪੜਾਅ ਦਾ ਕੰਮ ਫਰਵਰੀ 2027 ਵਿੱਚ ਸ਼ੁਰੂ ਕੀਤਾ ਜਾਵੇਗਾ। ਪਹਿਲੇ ਪੜਾਅ ਵਿੱਚ ਗਿਣਤੀਕਾਰਾਂ ਵੱਲੋਂ ਮਕਾਨ ਸੂਚੀਕਰਨ ਦਾ ਕੰਮ ਕੀਤਾ ਜਾਵੇਗਾ। ਦੇਸ਼ ਦੇ ਵਿੱਚ ਪਹਿਲੀ ਵਾਰ ਇਹ ਪ੍ਰਕਿਰਿਆ ਡਿਜੀਟਲ ਪ੍ਰਣਾਲੀ ਨਾਲ ਵੀ ਕਰਵਾਈ ਜਾ ਰਹੀ ਹੈ, ਜਿਸ ਤਹਿਤ ਆਮ ਲੋਕ ਆਪਣੀ ਜਾਣਕਾਰੀ ਮੋਬਾਇਲ ਐਪ ਜਾਂ ਆਨਲਾਈਨ ਵਿਧੀ ਨਾਲ ਆਪਣੇ ਆਪ ਸਵੈ ਜਨ ਗਣਨਾ ਕਰ ਸਕਦੇ ਹਨ। ਡਿਜੀਟਲ ਪ੍ਰਣਾਲੀ ਨਾਲ ਪ੍ਰਕਿਰਿਆ ਤੇਜ਼ੀ ਨਾਲ ਨੇਪਰੇ ਚੜ੍ਹਦੀ ਹੈ, ਜਿਸ ਨਾਲ ਸਮੇਂ ਦੀ ਬੱਚਤ ਹੋਣ ਦੇ ਨਾਲ-ਨਾਲ ਗਲਤੀਆਂ ਦੀ ਸੰਭਾਵਨਾ ਵੀ ਘਟ ਜਾਂਦੀ ਹੈ। ਇਸ ਨਾਲ ਅੰਕੜੇ ਇਕੱਠੇ ਕਰਨ ਦੀ ਪਾਰਦਰਸ਼ਤਾ ਵੀ ਬਣੀ ਰਹਿੰਦੀ ਹੈ।ਇਹ ਪ੍ਰਕਿਰਿਆ 30 ਅਪ੍ਰੈਲ ਤੋਂ 14 ਮਈ ਤੱਕ ਸੁਚੱਜੇ ਢੰਗ ਨਾਲ ਚੱਲੀ। ਹੁਣ ਗਿਣਤੀਕਾਰਾਂ ਵੱਲੋਂ ਘਰ-ਘਰ ਜਾ ਕੇ ਮਕਾਨ ਸੂਚੀਕਰਨ ਕਰਨ ਦੀ ਪ੍ਰਕਿਰਿਆ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਚੁੱਕੀ ਹੈ। ਇਹ ਪ੍ਰਕਿਰਿਆ 15 ਮਈ ਤੋਂ 13 ਜੂਨ ਤੱਕ ਚੱਲੇਗੀ। ਜਿਸ ਤਹਿਤ ਮਕਾਨ ਦੀ ਸਥਿਤੀ, ਸਹੂਲਤਾਂ ਅਤੇ ਪਰਵਾਰ ਦੀ ਸੰਪਤੀ ਦੇ ਅੰਕੜੇ ਇਕੱਠੇ ਕੀਤੇ ਜਾਣਗੇ। ਜਨ ਗਣਨਾ ਦਾ ਇਹ ਪਹਿਲਾ ਪੜਾਅ ਬੇਹੱਦ ਮਹੱਤਵਪੂਰਨ ਹੈ, ਕਿਉਂਕਿ ਫਰਵਰੀ 2027 ਵਿੱਚ ਹੋਣ ਵਾਲੇ ਦੂਸਰੇ ਪੜਾਅ ਲਈ ਇਹ ਅੰਕੜੇ ਅਧਾਰ ਦਾ ਕੰਮ ਕਰਦੇ ਹਨ।



ਇਹ ਅੰਕੜੇ ਦੇਸ਼ ਦੇ ਭਵਿੱਖ ਦੀਆਂ ਯੋਜਨਾਵਾਂ ਦਾ ਆਧਾਰ ਬਣਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਹੀ ਲੋਕ ਭਲਾਈ ਦੀਆਂ ਸਾਲਾਨਾ, ਪੰਜ ਸਾਲਾਂ ਅਤੇ ਹੋਰ ਵਿਕਾਸ ਦੀਆਂ ਯੋਜਨਾਵਾਂ ਬਣਦੀਆਂ ਹਨ। ਕੇਂਦਰ ਅਤੇ ਰਾਜ ਸਰਕਾਰ ਜਨਗਣਨਾ ਦੇ ਅੰਕੜਿਆਂ ਦੇ ਆਧਾਰ 'ਤੇ ਸਿੱਖਿਆ, ਸਿਹਤ, ਰੁਜ਼ਗਾਰ, ਆਵਾਜਾਈ ਅਤੇ ਰਿਹਾਇਸ਼ ਨਾਲ ਸੰਬੰਧਤ ਯੋਜਨਾਵਾਂ ਤਿਆਰ ਕਰਦੀਆਂ ਹਨ। ਦੇਸ਼ ਦੇ ਸਰੋਤਾਂ ਦੀ ਸੁਚੱਜੀ ਵੰਡ ਵੀ ਇਸ ਦੇ ਅਧਾਰ 'ਤੇ ਹੀ ਕੀਤੀ ਜਾਂਦੀ ਹੈ, ਕਿਉਂਕਿ ਇਸ ਰਾਹੀਂ ਹੀ ਪਤਾ ਚੱਲਦਾ ਹੈ ਕਿ ਕਿਸ ਖੇਤਰ ਵਿੱਚ ਵੱਧ ਆਬਾਦੀ ਹੈ ਅਤੇ ਕਿੱਥੇ ਘੱਟ ਸਹੂਲਤਾਂ ਹਨ। ਲੋਕਤੰਤਰ ਦੀ ਕਾਮਯਾਬੀ ਅਤੇ ਚੋਣ ਪ੍ਰਣਾਲੀ ਦੀ ਸਫਲਤਾ ਲਈ ਵੀ ਜਨ ਗਣਨਾ ਬੇਹੱਦ ਲਾਹੇਵੰਦ ਸਾਬਿਤ ਹੁੰਦੀ ਹੈ, ਜਿਸ ਦੇ ਆਧਾਰ 'ਤੇ ਹੀ ਹਲਕਿਆਂ ਦੀ ਹੱਦਬੰਦੀ ਅਤੇ ਚੁਣੇ ਜਾਣ ਵਾਲੇ ਨੁਮਾਇੰਦਿਆਂ ਦੀ ਗਿਣਤੀ ਨਿਰਧਾਰਿਤ ਕੀਤੀ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਪਾਈਆਂ ਜਾਂਦੀਆਂ ਅਨੇਕਾਂ ਸਮਾਜਿਕ ਸਮੱਸਿਆਵਾਂ, ਜਿਵੇਂ ਕਿ ਗਰੀਬੀ, ਅਨਪੜ੍ਹਤਾ, ਲਿੰਗ ਅਸਮਾਨਤਾਵਾਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਰਕਾਰ ਸੁਧਾਰ ਲਈ ਕਦਮ ਚੁੱਕਦੀ ਹੈ। ਦੇਸ਼ ਦੇ ਭਵਿੱਖ ਦੀ ਯੋਜਨਾ ਬਣਾਉਣ ਲਈ ਵਧਦੀ ਆਬਾਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੜਕਾਂ, ਪਾਣੀ, ਸੀਵਰੇਜ, ਬਿਜਲੀ ਅਤੇ ਹੋਰ ਬੁਨਿਆਦੀ ਜ਼ਰੂਰਤਾਂ ਦੀ ਯੋਜਨਾ ਵੀ ਇਹਨਾਂ ਅੰਕੜਿਆਂ ਦੇ ਅਧਾਰ 'ਤੇ ਹੀ ਤਿਆਰ ਕੀਤੀ ਜਾਂਦੀ ਹੈ।

ਜਨ ਗਣਨਾ ਕੇਵਲ ਲੋਕਾਂ ਦੀ ਗਿਣਤੀ ਨਹੀਂ, ਸਗੋਂ ਦੇਸ਼ ਦੇ ਸਰਬਪੱਖੀ ਵਿਕਾਸ ਦੀ ਨੀਹ ਹੈ। ਇਸ ਨਾਲ ਸਰਕਾਰ ਨੂੰ ਲੋਕਾਂ ਦੀਆਂ ਅਸਲ ਲੋੜਾਂ ਦਾ ਪਤਾ ਲੱਗਦਾ ਹੈ ਅਤੇ ਦੇਸ਼ ਦੀ ਤਰੱਕੀ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣ ਵਿੱਚ ਮਦਦ ਮਿਲਦੀ ਹੈ। ਜਨ ਗਣਨਾ ਦੀ ਸਫਲਤਾ ਦੀ ਦੇਸ਼ ਦੇ ਵਿਕਾਸ ਵਿੱਚ ਏਨੀ ਜ਼ਿਆਦਾ ਮਹੱਤਤਾ ਹੋਣ ਕਾਰਨ ਦੇਸ਼ ਵਾਸੀਆਂ ਦਾ ਫਰਜ਼ ਬਣਦਾ ਹੈ ਕਿ ਉਹ ਉਚਿਤ ਅਤੇ ਸੱਚੀ ਜਾਣਕਾਰੀ ਉਪਲੱਬਧ ਕਰਵਾਉਣ। ਗਿਣਤੀਕਾਰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਤਨਦੇਹੀ ਅਤੇ ਨਿਰਪੱਖਤਾ ਨਾਲ ਕੰਮ ਕਰਨ।

ਆਮ ਲੋਕਾਂ ਵਿੱਚ ਇਹ ਵਿਸ਼ਵਾਸ ਪੈਦਾ ਕਰਨ ਦੀ ਜ਼ਰੂਰਤ ਹੈ ਕਿ ਜਨਗਣਨਾ ਦੌਰਾਨ ਇਕੱਠੀ ਕੀਤੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ। ਇੱਥੋਂ ਤੱਕ ਕਿ ਆਮ ਨਾਗਰਿਕਾਂ ਵੱਲੋਂ ਦਿੱਤੀ ਜਾਣਕਾਰੀ ਨੂੰ ਸੂਚਨਾ ਅਧਿਕਾਰ ਕਾਨੂੰਨ (ਆਰ ਟੀ ਆਈ )ਤਹਿਤ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਦੀ ਵਰਤੋਂ ਕਿਸੇ ਵੀ ਸਿਵਲ ਜਾਂ ਫ਼ੌਜਦਾਰੀ ਮਾਮਲੇ ਵਿੱਚ ਸਬੂਤ ਵਜੋਂ ਵੀ ਪੇਸ਼ ਨਹੀਂ ਕੀਤੀ ਜਾ ਸਕਦੀ। ਇਸ ਲਈ ਹਰ ਦੇਸ਼ ਵਾਸੀ ਦਾ ਫਰਜ਼ ਬਣਦਾ ਹੈ ਕਿ ਇਸ ਰਾਸ਼ਟਰੀ ਮੁਹਿੰਮ ਦੀ ਸਫਲਤਾ ਅਤੇ ਦੇਸ਼ ਦੇ ਵਿਕਾਸ ਦੀਆਂ ਠੋਸ ਯੋਜਨਾਵਾਂ ਲਈ ਬਿਨਾਂ ਕਿਸੇ ਡਰ, ਭੈਅ, ਸ਼ੱਕ ਜਾਂ ਸੰਕੋਚ ਤੋਂ ਸੱਚੀ ਜਾਣਕਾਰੀ ਦੇਣ। ਗਲਤ ਇੰਦਰਾਜ਼ ਕਰਾਉਣ ਲਈ ਗਿਣਤੀਕਾਰ 'ਤੇ ਕਿਸੇ ਕਿਸਮ ਦਾ ਦਬਾਅ ਨਾ ਪਾਇਆ ਜਾਵੇ।

ਅੰਕੜਾ ਵਿਗਿਆਨ ਅਨੁਸਾਰ ਅੰਕੜਿਆਂ ਤੂੰ ਠੋਸ ਟੀਚੇ ਪ੍ਰਾਪਤ ਕਰਨ ਲਈ ਅੰਕੜਿਆਂ ਨੂੰ ਤਿੰਨ ਪੜਾਅ ਪੂਰੇ ਕਰਨੇ ਪੈਂਦੇ ਹਨ।ਪਹਿਲਾ ਅੰਕੜੇ ਇਕੱਠੇ ਕਰਨਾ, ਦੂਸਰਾ ਵਰਗੀਕਰਨ ਅਤੇ ਤੀਸਰਾ ਵਿਸ਼ਲੇਸ਼ਣ।ਦੂਸਰੇ ਅਤੇ ਤੀਸਰੇ ਪੜਾਅ ਦੀ ਸਫਲਤਾ ਪਹਿਲੇ ਪੜਾਅ ਅਰਥਾਤ ਨਿਰਪੱਖ ਅਤੇ ਉੱਚਿਤ ਅੰਕੜੇ ਇਕੱਠੇ ਕਰਨ 'ਤੇ ਹੀ ਨਿਰਭਰ ਕਰਦੀ ਹੈ। ਇਸ ਲਈ ਜਨ ਗਣਨਾ ਦੌਰਾਨ ਅੰਕੜੇ ਇਕੱਠੇ ਕਰਨ ਦਾ ਪੜਾਅ ਬੇਹੱਦ ਮਹੱਤਵਪੂਰਨ ਹੈ।

ਇਸ ਤੋਂ ਇਲਾਵਾ ਜਨਗਣਨਾ ਦੀ ਸਫਲਤਾ ਸਹੀ ਯੋਜਨਾ, ਆਮ ਨਾਗਰਿਕਾਂ ਦਾ ਸਹਿਯੋਗ ਅਤੇ ਨਿਰਪੱਖ ਕਾਰਜ ਪ੍ਰਣਾਲੀ 'ਤੇ ਨਿਰਭਰ ਕਰਦੀ ਹੈ। ਜੇਕਰ ਹਰ ਨਾਗਰਿਕ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸਹੀ ਅਤੇ ਸੱਚੀ ਜਾਣਕਾਰੀ ਦੇਵੇ ਅਤੇ ਇਸ ਕੰਮ ਨੂੰ ਨੇਪਰੇ ਚੜਨ ਵਾਲਾ ਸਰਕਾਰੀ ਅਮਲਾ ਪੂਰੀ ਪਾਰਦਰਸ਼ਤਾ ਨਾਲ ਪ੍ਰਕਿਰਿਆ ਚਲਾਏ ਤਾਂ ਜਨ ਗਣਨਾ ਦੇਸ਼ ਦੇ ਵਿਕਾਸ ਲਈ ਮਜ਼ਬੂਤ ਆਧਾਰ ਸਾਬਿਤ ਹੋ ਸਕਦੀ ਹੈ।

# ਸੰਪਰਕ : 98154-27554

